ਅਗਸਤ 2014

# ਅੰਮ੍ਰਿਤ ਕੀਰਤਨ




www.newsonair.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਪੈਂਤੀ ਅੱਖਰੀ-ਕਾਫ਼ੀਆਂ

## ਮ



ਯਾਰੜੇ ਦੀ ਸਾਨੂੰ ਕੁੱਲੀ ਚੰਗੀ
ਭੱਠ ਖੇੜਿਆਂ ਦੀ ਮਾੜੀ ਹੂ।

ਪਿਆਰ ਗਲੀਉਂ ਹੱਸ ਹੱਸ ਲੰਘੀਏ,
ਘ੍ਰਿਣਾ ਹਿਰਦਾ ਸਾੜੀ ਹੂ।

ਵਸਲ ਘੜੀ ਚਾਹੇ ਇੱਕੋ ਮਿਲੇ,
ਬ੍ਰਿਹੋਂ ਲਗੇ ਕੁਹਾੜੀ ਹੂ।

ਵਿੱਚ ਸੰਤੋਖ ਜੇ ਲੰਘੇ ਜੀਵਨ
ਪਾਈਏ ਮੁਕਤ ਦੁਆਰੀ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ - ਜ਼ਰੂਰੀ ਕੰਮ 5

**ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ**

ਡਾ. ਗੁਰਨਾਮ ਸਿੰਘ 7

ਖੇਤਰੀ ਭਾਸ਼ਾਵਾਂ ਦਾ ਖ਼ਿਆਲ ਸ਼ੈਲੀ ਦੇ ਸਾਹਿਤ ਤੇ ਪ੍ਰਭਾਵ

ਸਰਬਜੀਤ ਕੌਰ 10

ਗੁਰੂ ਨਾਨਕ ਦੇਵ ਜੀ ਦਾ ਕੀਰਤਨ ਪਰੰਪਰਾ ਵਿਚ ਯੋਗਦਾਨ

ਡਾ. ਜਤਿੰਦਰ ਕੌਰ 18

ਪੁਸਤਕ - ਤਬਲਾ ਸਿਧਾਂਤਕ ਪੱਖ 23

ਸੁਰ ਲਿਪੀ - ਰਾਗ ਮਲ੍ਹਾਰ 25

ਪ੍ਰਿ: ਦਿਆਲ ਸਿੰਘ

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੇਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

(ਇਕ ਪੁਰਾਣਾ ਪੱਤਰ)

ਸੰਗੀਤ ਪ੍ਰਤੀ 'ਅੰਮ੍ਰਿਤ ਕੀਰਤਨ' ਮੈਗਜ਼ੀਨ ਇਕ ਖਾਸ ਮਹੱਤਵ ਰੱਖਦਾ ਹੈ। ਆਪ ਇਸ ਦੇ ਸੰਪਾਦਕ ਵਜੋਂ ਮੁਬਾਰਕਵਾਦ ਦੇ ਹੱਕਦਾਰ ਹੋ। ਮੇਰੀ ਅਰਦਾਸ ਹੈ ਕਿ ਆਪ ਹੋਰ ਵੀ ਚੜ੍ਹਦੀ ਕਲਾ ਵਿਚ ਇਸ ਦੀ ਸੰਪਾਦਕੀ ਦਾ ਫਰਜ਼ ਨਿਭਾਉਂਦੇ ਰਹੋ ਜੀ।

ਆਪ ਦੇ 'ਅੰਮ੍ਰਿਤ ਕੀਰਤਨ' ਵਿਚ ਦੋ ਕੁ ਲੇਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ 'ਘਰਾਂ' ਦਾ ਵੇਰਵਾ ਆਇਆ ਹੈ। ਇਕ ਤਾਂ ਗਿਆਨੀ ਦਿਆਲ ਸਿੰਘ ਜੀ ਦਾ ਹੈ ਤੇ ਦੂਸਰਾ ਕਿਸੇ ਹੋਰ ਦਾ। ਇਹਨਾਂ ਲੇਖਾਂ ਤੋਂ ਮਨ ਦੀ ਤਸੱਲੀ ਨਹੀਂ ਹੋ ਸਕੀ। ਗੁਰਮਤਿ ਸੰਗੀਤ ਦੇ ਵਿਦਵਾਨਾਂ ਨੂੰ ਚਾਹੀਦਾ ਹੈ ਕਿ 'ਅੰਮ੍ਰਿਤ ਕੀਰਤਨ' ਵਿਚ ਇਕ ਲੇਖ 'ਘਰਾਂ' ਪ੍ਰਤੀ ਦੇਣ ਜਿਸ ਰਾਹੀਂ ਹੇਠ ਲਿਖੀਆਂ ਲੋੜੀਂਦੀਆਂ ਜਾਣਕਾਰੀਆਂ ਮਿਲ ਸਕਣ।

1) ਕੀ 1-17 ਘਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ ਉਹ ਤਾਲ ਨਾਲ ਸੰਬੰਧਤ ਹਨ, ਜੇ ਹਨ, ਤਾਂ ਕਿਸ ਤਰ੍ਹਾਂ ਹੀ ਹਨ?
2) ਕੀ 1-17 ਘਰ ਵੱਖ ਵੱਖ ਤਾਲ ਨਾਲ ਸੰਬੰਧਤ ਹਨ ਤੇ ਉਹ ਕਿਹੜੀ ਕਿਹੜੀ ਤਾਲ ਨਾਲ।
3) ਕਿਹੜੀ ਪੁਸਤਕ ਵਿਚ ਇਹ ਸਾਰੇ 'ਘਰ' ਵਰਤੋਂ ਵਿਚ ਲਿਆ ਕੇ ਸਵਰਲਿਪੀ ਰਾਹੀਂ ਗੁਰਸ਼ਬਦ, ਰਾਗ ਤੇ ਘਰ ਸਪਸ਼ਟ ਕੀਤੇ ਮਿਲਦੇ ਹਨ।
4) ਕੀ ਹਰਿਮੰਦਰ ਦਰਸਾਬ ਸਾਹਿਬ ਵਿਚ ਸਾਰਿਆਂ ਘਰਾਂ ਜਾਂ ਤਾਲਾਂ ਰਾਹੀਂ ਕੀਰਤਨ ਹੁੰਦਾ ਹੈ?
5) ਕਿਸ ਵਿਦਿਆਲੇ ਵਿਖੇ ਗੁਰਬਾਣੀ ਸੰਗੀਤ ਇਸ ਤਰ੍ਹਾਂ ਦਾ ਸਿਖਾਇਆ ਜਾਂਦਾ ਹੈ, ਜਿਸ ਵਿਚ 1-17 ਘਰਾਂ ਸੰਬੰਧੀ ਤਾਲਾਂ ਦਾ ਉਪਯੋਗ ਹੁੰਦਾ ਹੋਵੇ?
6) 1-17 ਘਰਾਂ ਦੀ ਵਰਤੋਂ ਜਾਂ ਸਿਖਾਉਣ ਵਾਲੇ ਉਸਤਾਦ/ਗੁਰਮੁਖਿ ਦਾ ਨਾਮ ਪਤਾ ਮਿਲ ਸਕਦਾ ਹੈ?
7) ਕਿਹੜੀ ਪੁਸਤਕ ਵਿਚ ਗੁਰਬਾਣੀ ਸ਼ਬਦ/ਵਾਰਾਂ ਨੂੰ ਖਾਸ ਧੁਨਿ ਵਿਚ ਗਾਇਨ ਕਰਨ ਦੇ ਹੁਕਮ ਹਨ ਜਿੱਦਾਂ ਕਿ ਆਸਾ ਦੀ ਵਾਰ 'ਅਸਰਾਜ ਟੁੰਡੇ ਦੀ ਧੁਨਿ' ਦੀ ਇਕੱਠੀ ਸਪਸ਼ਟਤਾ ਮਿਲਦੀ ਹੋਵੇ?

ਗੁਰੂ ਨਾਨਕ ਸਾਹਿਬ ਨੇ ਸ਼ਬਦ ਕੀਰਤਨ ਦਾ ਪ੍ਰਵਾਹ 'ਰਬਾਬ' ਸਾਜ਼ ਰਾਹੀਂ ਭਾਈ ਮਰਦਾਨਾ ਦੇ ਹੱਥੋਂ ਕੀਤਾ। ਗੁਰੂ ਅਰਜਨ ਸਾਹਿਬ ਨੇ ਸਾਰੰਦਾ ਸਾਜ਼ ਅਪਣਾਇਆ ਹੈ।ਉਹਨਾਂ ਆਪ ਵੀ ਇਸ ਰਾਹੀਂ ਕੀਰਤਨ ਕੀਤਾ ਦੱਸੀਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਾਰਾਂ ਸਾਰੰਗੀ ਸਾਜ਼ ਨਾਲ ਗਾਈਆਂ ਜਾਂਦੀਆਂ ਹਨ। ਅਗਲੇ ਗੁਰੂਆਂ ਦੇ ਸਮੇਂ ਤਾਊਸ ਨੇ ਵੀ ਜਗ੍ਹਾ ਲੈ ਲਈ ਸੀ। ਪ੍ਰੰਤੂ ਹੁਣ ਤਾਂ ਕੇਵਲ ਹਾਰਮੋਨੀਅਮ ਜੋ ਸਭ ਤੋਂ ਸੌਖਾ ਸਾਜ਼ ਹੀ ਪ੍ਰਧਾਨ ਹੈ। ਰੇਡੀਓ ਸਟੇਸ਼ਨਾਂ 'ਤੇ ਵੀ ਇਸ ਦੀ ਵਰਤੋਂ ਮਿਲਦੀ ਹੈ। ਕਿਉਂਕਿ ਹੁਣ ਤਾਂ ਇਸ ਨੂੰ ਪੂਰੀ ਖੁੱਲ ਮਿਲ ਚੁੱਕੀ ਹੈ। ਤੰਤੀ ਸਾਜ਼ਾਂ ਵਿਚੋਂ ਜੋ ਆਵਾਜ਼ ਆਉਂਦੀ ਹੈ, ਉਹਨਾਂ ਦੀ ਗੁੰਜਾਰ ਵਿਚ ਇਕ ਅਲੱਗ ਹੀ ਸਰੂਰ ਹੁੰਦਾ ਹੈ ਕਿਉਂਕਿ ਇਕ ਸਵਰ ਕੇਵਲ ਇਕ ਸਵਰ ਦਾ ਸਵਾਦ ਨਹੀਂ ਦਿੰਦਾ ਸਗੋਂ ਇਸ ਇਕ ਸਵਰ ਦੀ ਗੁੰਜਾਰ ਵਿਚ ਕਈ ਮਿੰਨੀ ਸਵਰਾਂ ਦਾ ਵੀ ਸੁਆਦ ਆਉਂਦਾ ਹੈ ਤੇ ਪੂਰਨ ਸਰੂਰ ਬਣਦਾ ਹੈ ਜੋ ਕਿ ਹਾਰਮੋਨੀਅਮ ਦੀਆਂ ਸਵਰਾਂ ਵਿਚ ਨਹੀਂ। ਉਹਨਾਂ ਸਵਰਾਂ ਵਿਚੋਂ ਨਾ ਉਹ ਸੁਆਦ ਆਉਂਦਾ ਹੈ ਤੇ ਗੁੰਜਾਰ ਨਹੀਂ ਬਣਦੀ। ਦਾਸ ਦੀ ਬੇਨਤੀ ਹੈ ਕਿ ਕੀਰਤਨੀਏ ਕਿਸੇ ਤੰਤੀ ਸਾਜ਼ ਰਾਹੀਂ ਕੀਰਤਨ ਕਰਨ ਦਾ ਉਪਰਾਲਾ ਕਰਨ। ਹੇਠ ਲਿਖੇ ਅਨੁਸਾਰ ਜਾਣਕਾਰੀ ਰਾਹੀਂ ਕੀਰਤਨ ਕਰਨ ਦੀ ਖੇਚਲ ਕਰਨੀ।

1) ਰਬਾਬ, ਸਾਰੰਗੀ, ਸਾਰੰਦਾ, ਤਾਊਸ ਜੋ ਗੁਰੂਆਂ ਨੇ ਅਪਣਾਏ ਸਨ, ਪੰਜਾਬ/ਦਿੱਲੀ, ਵਿਚ ਕੌਣ ਕੌਣ ਬਣਾਉਂਦਾ ਹੈ ਤੇ ਕਿਥੋਂ ਮਿਲ ਸਕਦੇ ਹਨ? ਦੁਕਾਨਦਾਰ ਤਾਂ ਮੁੰਬਈ ਜਾਂ ਕੋਲਕਾਤਾ ਤੋਂ ਮੰਗਵਾ ਕੇ ਹੀ ਦੇਣ ਵਿਚ ਰਾਜ਼ੀ ਹਨ। ਇਸ ਤਰ੍ਹਾਂ ਤਾਂ ਇਹਨਾਂ ਦੇ ਕਾਫੀ ਮਹਿੰਗੇ ਹੋਣ ਦੀ ਸੰਭਾਵਨਾ ਹੈ।
2) ਪੰਜਾਬ ਜਾਂ ਦਿੱਲੀ ਵਿਚ ਇਹਨਾਂ ਸਾਜ਼ਾਂ ਨੂੰ ਸਿਖਾਉਣ ਵਾਲੇ ਕਿਹੜੇ ਵਿਦਿਆਲੇ/ ਉਸਤਾਦ ਹਨ ਤੇ ਕਿਸ ਨਗਰ ਵਿਚ ਇਹਨਾਂ ਦਾ ਵਾਸਾ ਹੈ? ਉਹ ਕਿੰਨੀ ਕੁ ਫੀਸ ਪ੍ਰਤੀ ਮਹੀਨਾ ਲੈਂਦੇ ਹਨ?... ਅੰਮ੍ਰਿਤ ਕੀਰਤਨ ਦੇ ਵਿਦਵਾਨ ਪਾਠਕ ਵੀ ਇਸ ਬਾਰੇ ਕੁਝ ਲਿਖਣ ਦੀ ਕਿਰਪਾ ਕਰਨ ਜੀ।

ਸੋਹਨ ਸਿੰਘ, 3027, ਸੈਕਟਰ 27-ਡੀ, ਚੰਡੀਗੜ੍ਹ

# ਜ਼ਰੂਰੀ ਕੰਮ

ਅੱਜਕੱਲ੍ਹ ਪ੍ਰਬੰਧਕੀ ਕੰਮ ਕਾਜ ਕਰਨ ਦੇ ਬਹੁਤ ਸਾਰੇ ਕੋਰਸ ਅਤੇ ਕਿਤਾਬਾਂ ਹੋਂਦ ਵਿਚ ਆ ਗਈਆਂ ਹਨ। ਇਹਨਾਂ ਕੋਰਸਾਂ ਅਤੇ ਪੁਸਤਕਾਂ ਵਿਚ ਆਪਣੇ ਕੰਮ ਕਾਜ ਨੂੰ ਘਟ ਤੋਂ ਘਟ ਸਮੇਂ ਵਿਚ ਵਧੀਆ ਤਰੀਕੇ ਨਾਲ ਨਿਪਟਾਉਣ ਦੇ ਗੁਰ ਦੱਸੇ ਜਾਂਦੇ ਹਨ। ਉਹਨਾਂ ਵਿਚ ਮੁੱਖ ਤੌਰ 'ਤੇ ਦੱਸਿਆ ਹੁੰਦਾ ਹੈ ਕਿ ਆਪਣੇ ਕੰਮ ਦੀ ਅਹਿਮੀਅਤ ਅਨੁਸਾਰ ਇਕ ਲਿਸਟ ਬਣਾਉ ਅਤੇ ਫਿਰ ਉਹਨਾਂ ਕੰਮਾਂ-ਕਾਰਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਂਦੇ ਜਾਉ।

ਇਸ ਚੱਕਰ ਵਿਚ ਅਸੀਂ ਕੇਵਲ ਆਪਣੇ ਦਫਤਰੀ ਜਾਂ ਵਪਾਰਕ ਖੇਤਰ ਵਿਚ ਹੀ ਸਫਲਤਾ ਪ੍ਰਾਪਤ ਕਰਦੇ ਹਾਂ ਤੇ ਸਾਡੀ ਪਰਿਵਾਰਕ ਜ਼ਿੰਦਗੀ ਸੱਖਣੀ ਹੋ ਕੇ ਰਹਿ ਜਾਂਦੀ ਹੈ। ਅਮਰੀਕਾ ਜਿਹੇ ਵਿਕਸਿਤ ਦੇਸ਼ ਵਿਚ ਵੀ ਹੁਣ ਪਰਿਵਾਰਕ ਜ਼ਿੰਦਗੀ ਨੂੰ ਅਹਿਮੀਅਤ ਦਿੱਤੀ ਜਾਣ ਲੱਗ ਪਈ ਹੈ। ਉਥੇ ਅੱਜ ਕੱਲ੍ਹ ਇਕ ਪੁਸਤਕ 7 Habits of Highly Effective People-ਪੁਸਤਕ ਦਾ ਬਹੁਤ ਬੋਲਬਾਲਾ ਹੈ। ਇਸ ਦੇ ਲੇਖਕ Stephen R. Covey ਨੇ ਪ੍ਰਬੰਧਕੀ ਕਲਾ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਆਪਣੀ ਪਰਿਵਾਰਕ ਜ਼ਿੰਦਗੀ ਦੇ ਕੰਮਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਵੀ ਦਫਤਰੀ ਜਾਂ ਵਪਾਰਕ ਕੰਮਾਂ-ਕਾਰਾਂ ਵਾਂਗ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਬਹੁਤੀਆਂ ਗੱਲਾਂ ਤਾਂ ਪੁਸਤਕ ਪੜ੍ਹਨ ਨਾਲ ਹੀ ਸਮਝ ਆਉਂਦੀਆਂ ਹਨ ਪਰ ਇਕ ਦੋ ਮਿਸਾਲਾਂ ਮੈਨੂੰ ਬਹੁਤ ਟੁੰਬਦੀਆਂ ਹਨ:

ਇਕ ਬਹੁਤ ਵੱਡਾ ਅਫਸਰ ਆਪਣੀ ਵੱਡੀ ਸਾਰੀ ਡਾਇਰੀ ਵਿਚ ਆਪਣੇ ਅਗਲੇ ਦਿਨ ਦੀ ਸਮਾਂ ਸੂਚੀ ਬਣਾ ਰਿਹਾ ਸੀ। ਉਸ ਦੀ ਬੱਚੀ ਆ ਕੇ ਪੁੱਛਦੀ ਹੈ:

- ਪਾਪਾ, ਕੀ ਕਰ ਰਹੇ ਹੋ?
- ਬੇਟਾ, ਮੈਂ ਬਹੁਤ ਜ਼ਰੂਰੀ ਕੰਮ ਕਰ ਰਿਹਾ ਹਾਂ।
- ਪਾਪਾ, ਇਹ ਕੀ ਲਿਖ ਰਹੇ ਹੋ?
- ਬੇਟਾ, ਇਸ ਡਾਇਰੀ ਵਿਚ ਮੈਂ ਲਿਖ ਰਿਹਾ ਹਾਂ ਕਿ ਕੱਲ ਕਿਹਨਾਂ ਕਿਹਨਾਂ ਨੂੰ ਮਿਲਣਾ ਹੈ?
- ਪਾਪਾ, ਇਹਨਾਂ ਮਿਲਣ ਵਾਲਿਆਂ ਵਿਚ ਮੇਰਾ ਨਾਂ ਵੀ ਹੈ ਕਿ ਨਹੀਂ?

ਸਟੀਫਨ ਦੀ ਇਕ ਬੇਟੀ ਬਹੁਤ ਹੋਣਹਾਰ ਹੈ। ਮੈਨੇਜਮੈਂਟ ਵਿਚ ਉਹ ਕਮਾਲ ਦੀ ਵਿਦਵਾਨ ਹੈ। ਪਿੱਛੇ ਜਿਹੇ ਉਹ ਨੇ ਇਕ ਬੇਟੀ ਨੂੰ ਜਨਮ ਦਿੱਤਾ। ਹੁਣ ਉਸ ਦਾ ਕੈਰੀਅਰ ਬੜੇ ਸੰਕਟ ਵਿਚ ਪੈ ਗਿਆ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੀ ਸਾਰੀ ਵਿੱਦਿਆ ਬੇਕਾਰ ਹੋ ਕੇ ਰਹਿ ਗਈ ਹੈ। ਇਸ ਤਰ੍ਹਾਂ ਉਹ ਇਕ ਉਦਾਸੀ ਦਾ ਸ਼ਿਕਾਰ ਹੋ ਗਈ। ਉਸ ਦਾ ਸਾਰਾ ਟਾਈਮ ਟੇਬਲ ਖੁਰਦ ਬੁਰਦ ਹੋ ਗਿਆ।

ਸਟੀਫਨ ਦੀ ਟੀਮ ਨੇ ਉਸ ਦੀ ਮਾਂ ਦੀ ਸਮੱਸਿਆ ਬਾਰੇ ਵਿਚਾਰ ਕੀਤੀ ਅਤੇ ਨਤੀਜਾ ਕੱਢਿਆ ਕਿ ਮਾਂ ਬਣਨਾ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਇਸ ਲਈ ਉਸ ਨੂੰ ਹੁਣ ਮਾਂ ਵਾਲੇ ਕੰਮਾਂ ਨੂੰ ਸਭ ਤੋਂ ਜ਼ਰੂਰੀ ਸਮਝਣਾ ਚਾਹੀਦਾ ਹੈ। ਉਸ ਦਾ ਟਾਈਮਟੇਬਲ ਉਸ ਦੀ ਬੱਚੀ ਦੇ ਸੌਣ, ਜਾਗਣ, ਦੁੱਧ ਪੀਣ ਆਦਿ ਮੁਤਾਬਕ ਹੋਣਾ ਚਾਹੀਦਾ ਹੈ। ਉਸ ਨੂੰ ਹੋਰ ਕੋਈ ਫਿਕਰ ਨਹੀਂ ਕਰਨਾ ਚਾਹੀਦਾ।

ਅਸੀਂ ਕਈ ਵਾਰੀ ਆਰਾਮ, ਕਸਰਤ, ਸੈਰ, ਬੱਚਿਆਂ ਨਾਲ ਖੇਡਣ, ਸਾਹਿਤ ਪੜ੍ਹਨ, ਸੰਗੀਤ ਸੁਣਨ, ਰਿਸ਼ਤੇਦਾਰਾਂ ਨੂੰ ਮਿਲਣ ਅਤੇ ਕਈ ਸਮਾਜਕ ਕੰਮਾਂਕਾਰਾਂ ਨੂੰ ਵਾਧੂ ਸਮਝਦੇ ਹੋਏ ਟਾਲਦੇ ਜਾਂਦੇ ਹਾਂ ਕਿਉਂਕਿ ਅਸੀਂ ਦਫਤਰੀ ਤੇ ਵਪਾਰਕ ਕੰਮਾਂ ਨੂੰ ਪਹਿਲ ਦਿੰਦੇ ਹਾਂ। ਪਰ ਹੁਣ ਨਵੀਂ ਪ੍ਰਬੰਧਕੀ ਸੋਚ ਉਪਰੋਕਤ ਕੰਮਾਂ ਨੂੰ ਵੀ ਜ਼ਰੂਰੀ ਸਮਝਦੀ ਹੈ। ਗੇਟੇ ਦਾ ਕਹਿਣਾ ਹੈ ਕਿ ਜਿਹੜੀਆਂ ਜ਼ਰੂਰੀ ਗੱਲਾਂ ਹਨ ਉਹਨਾਂ ਨੂੰ ਗ਼ੈਰ ਜ਼ਰੂਰੀ ਯਤਨਾਂ ਦੇ ਆਸਰੇ ਨਹੀਂ ਛੱਡਣਾ ਚਾਹੀਦਾ ਹੈ। ਸੰਜਮ, ਸੰਤੁਲਨ ਅਤੇ ਸਹਿਜ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਦੇ ਅੰਗ ਬਣਨੇ ਚਾਹੀਦੇ ਹਨ। ਜ਼ਿੰਦਗੀ ਦੇ ਰੁਝੇਵਿਆਂ ਦਾ ਆਧਾਰ ਇਹ ਗੁਣ ਬਣਨ ਤਾਂ ਹੀ ਅਸਲ ਤੇ ਚਿਰਜੀਵੀ ਖੁਸ਼ੀ ਸਾਨੂੰ ਮਿਲ ਸਕਦੀ ਹੈ। ਇਸੇ ਆਧਾਰ 'ਤੇ ਸਾਰੇ ਕੰਮਾਂ ਕਾਰਾਂ ਨੂੰ ਸੁਚੱਜੇ ਢੰਗ ਨਾਲ ਨਿਪਟਾਉਣ ਦੇ ਸਮਰੱਥ ਵੀ ਹੋਵਾਂਗੇ।

(ਇਕ ਪੁਰਾਣਾ ਸੰਪਾਦਕੀ)


# ਗੁਰਮਤਿ ਸੰਗੀਤ ਵਿਸ਼ੇਸ਼ ਅੰਕ-ਭਾਗ ਪਹਿਲਾ

ਇਸ ਅੰਕ ਵਿਚ : ਗੁਰਮਤਿ ਸੰਗੀਤ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਵਿਚ ਤਬਲਾਵਾਦਨ (ਜੋੜੀ), ਗੁਰਮਤਿ ਸੰਗੀਤ ਸ਼ਸਤਰ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸਦੇ ਪ੍ਰਕਾਰ, ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ ਲੇਖ ਸ਼ਾਮਲ ਹਨ।

ਜੇ ਤੁਹਾਨੂੰ ਇਹ ਅੰਕ ਚਾਹੀਦਾ ਹੈ ਤਾਂ ਸੰਪਰਕ ਕਰੋ ਜੀ:

ਡਾ. ਜਾਗੀਰ ਸਿੰਘ, ਸੰਪਾਦਕ 'ਅੰਮ੍ਰਿਤ ਕੀਰਤਨ',

ਮੋਬਾਇਲ : 9814053630

# ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ 31 ਮੁੱਖ ਰਾਗਾਂ ਵਿਚੋਂ ਰਾਗ ਬਿਹਾਗੜਾ ਦਾ ਸੱਤਵਾਂ ਸਥਾਨ ਹੈ। ਇਸ ਰਾਗ ਦੇ ਅੰਤਰਗਤ ਸਨਾਤਨੀ ਬਾਣੀ ਰੂਪ ਵਜੋਂ ਗੁਰੂ ਅਰਜਨ ਦੇਵ ਜੀ ਦਾ ਇਕ ਚਉਪਦਾ ਅਤੇ ਗੁਰੂ ਤੇਗ ਬਹਾਦਰ ਜੀ ਦਾ ਇਕ ਤਿਪਦਾ ਬਾਣੀ ਰਚਨਾ ਦਰਜ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਇਹ ਚਉਪਦਾ ਕਾਵਿਕ ਪਖੋਂ ਵਿਲਖਣਤਾ ਰਖਦਾ ਹੈ।

ਦੂਤਨ ਸੰਗਰੀਆ॥ ਭੁਇਅੰਗਨਿ ਬਸਰੀਆ॥ ਅਨਿਕ ਉਪਰੀਆ॥ ॥
ਤਉ ਮੈ ਹਰਿ ਹਰਿ ਕਰੀਆ॥ ਤਉ ਸੁਖ ਸਹਜਰੀਆ॥ ॥ ਰਹਾਉ॥
ਮਿਥਨ ਮੋਹਰੀਆ॥ ਅਨ ਕਉ ਮਿਰੀਆ॥ ਵਿਚਿ ਘੂਮਨ ਘਿਰੀਆ॥ ॥
ਸਗਲ ਬਟਰੀਆ॥ ਬਿਰਖ ਇਕ ਤਰੀਆ॥ ਬਹੁ ਬੰਧਹਿ ਪਰੀਆ॥ ॥
ਥਿਰੁ ਸਾਧ ਸਫਰੀਆ॥ ਜਹ ਕੀਰਤਨੁ ਹਰੀਆ॥ ਨਾਨਕ ਸਰਨਰੀਆ॥ ॥ ॥

ਗੁਰੂ ਤੇਗ ਬਹਾਦਰ ਜੀ ਦੀ ਪ੍ਰਸਿੱਧ ਪਦ ਰਚਨਾ ਇਸ ਪ੍ਰਕਾਰ ਹੈ:

ਹਰਿ ਕੀ ਗਤਿ ਨਹਿ ਕੋਊ ਜਾਨੈ
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ॥ ਰਹਾਉ॥

ਇਸੇ ਤਰ੍ਹਾਂ ਉਕਤ ਬਾਣੀ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀਆਂ ਰਸਿਕ ਛੰਤ ਰਚਨਾਵਾਂ ਲੋਕ ਬਾਣੀ ਦਾ ਉਤਮ ਨਮੂਨਾ ਹੈ।

ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ
ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ॥

ਬਿਹਾਗੜਾ ਰਾਗ ਅਧੀਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧ ਰਚਨਾ ਇਸ ਪ੍ਰਕਾਰ ਹੈ:
ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ॥

ਘਣੁ ਦੁਖ ਨੀਦੜੀਏ ਪਰਸਉ ਸਦਾ ਪਗਾ॥

ਇਸ ਰਾਗ ਅਧੀਨ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਛੰਤ ਰਚਨਾਵਾਂ ਜਿਥੇ ਕਾਵਿਕ ਪਖੋਂ ਮਹੱਤਵਪੂਰਨ ਹਨ ਉਥੇ ਇਨ੍ਹਾਂ ਦਾ ਸੁਹਜ ਭਰਪੂਰ ਚਲਨ ਗਾਇਨ ਪਖੋਂ ਵੀ ਵਿਸ਼ਿਸ਼ਟਤਾ ਰਖਦਾ ਹੈ। ਹੁਣ ਕੀਰਤਨੀਆਂ ਲਈ ਇਹ ਧਿਆਨ ਦੇਣ ਯੋਗ ਗੁਰਮਤਿ ਸੰਗੀਤਕ ਨੁਕਤਾ ਹੈ ਕਿ ਅਸੀਂ ਛੰਤਾਂ ਨੂੰ ਇਨ੍ਹਾਂ ਦੀ ਮੂਲ ਗਾਇਨ ਸ਼ੈਲੀ ਅਨੁਸਾਰ ਗਾਇਨ ਕਰਕੇ ਹੀ ਇਨ੍ਹਾਂ ਦੀ ਮੌਲਿਕਤਾ ਕਾਇਮ ਰਖ ਸਕਦੇ ਹਾਂ। ਇਹ ਨਹੀਂ ਕਿ ਪਦਿਆਂ ਅਤੇ ਛੰਤ ਰਚਨਾਵਾਂ ਨੂੰ ਅਸੀਂ ਗੀਤ ਸ਼ੈਲੀ ਵਿਚ ਹੀ ਗਾਇਨ ਕਰਦੇ ਰਹੀਏ, ਇਸ ਨਾਲ ਗੁਰਮਤਿ ਸੰਗੀਤ ਦੀਆਂ ਇਨ੍ਹਾਂ ਵਿਸ਼ੇਸ਼ ਸ਼ੈਲੀਆਂ ਦੇ ਮੌਲਿਕ ਸਰੂਪ ਅਸੀਂ ਆਪ ਹੀ ਵਿਗਾੜ ਰਹੇ ਹੋਵਾਂਗੇ। ਰਾਗ ਬਿਹਾਗੜਾ ਵਿਚ ਮਹਲਾ ੪ ਦੀ ਵਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ ਰਚਨਾ ਹੈ।

ਰਾਗ ਬਿਹਾਗੜਾ ਨੂੰ ਦੇਸੀ ਸੰਗੀਤ ਪਰੰਪਰਾ ਤੋਂ ਵਿਕਸਤ ਰਾਗ ਮੰਨਿਆ ਜਾਂਦਾ ਹੈ ਜੋ ਬਿਹਾਗ ਅਤੇ ਖਮਾਜ ਦੀਆਂ ਸੁਰਾਵਲੀਆਂ ਦੇ ਸੁਰਾਤਮਕ ਸੰਯੋਜਨ ਤੋਂ ਸਰੂਪਿਤ ਹੁੰਦਾ ਹੈ। ਇਸ ਰਾਗ ਦੀਆਂ ਸੁਰਾਵਲੀਆਂ ਉਤਰੀ ਭਾਰਤੀ ਲੋਕ ਸੰਗੀਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਪਰੰਪਰਾ ਦੀਆਂ ਲੋਕ ਸੰਗੀਤਕ ਰਚਨਾਵਾਂ ਵਿਚ ਸੁਣਨ ਨੂੰ ਮਿਲ ਜਾਂਦੀਆਂ ਹਨ। ਸੰਗੀਤ ਦੇ ਪੰਜਾਬ ਅੰਗ ਵਿਚ ਇਸ ਰਾਗ ਦਾ ਗਾਇਨ ਵਿਸ਼ੇਸ਼ ਰੂਪ ਵਿਚ ਖਿੜਦਾ ਹੈ।

ਸੰਗੀਤ ਵਿਦਵਾਨ ਪੰਡਤ ਤਾਰਾ ਸਿੰਘ ਨਰੋਤਮ ਨੇ ਇਸ ਰਾਗ ਦੀ ਉਤਪਤੀ ਮਾਰੂ ਅਤੇ ਕੇਦਾਰਾ ਰਾਗ ਤੋਂ ਪ੍ਰਵਾਨ ਕੀਤੀ ਹੈ। ਰਾਗ ਬਿਹਾਗੜਾ ਦੇ ਉਤਰੀ ਭਾਰਤੀ ਸੰਗੀਤ ਵਿਚ ਦੋ ਸਰੂਪ ਵਿਸ਼ੇਸ਼ ਤੌਰ ਤੇ ਪ੍ਰਚਲਿਤ ਹਨ। ਪਹਿਲੇ ਰੂਪ ਵਿਚ ਦੋਵੇਂ ਮਧਿਅਮ ਤੇ ਦੂਜੇ ਰੂਪ ਵਿਚ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਨ੍ਹਾਂ ਵਿਚੋਂ ਦੋਵੇਂ ਨਿਸ਼ਾਦ ਵਾਲਾ ਸਰੂਪ ਉਤਰੀ ਭਾਰਤੀ ਸੰਗੀਤ ਵਿਚ ਜ਼ਿਆਦਾ ਪ੍ਰਚਲਿਤ ਹੈ। ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ ਅਨੁਸਾਰ ਇਸ ਰਾਗ ਨੂੰ ਖਮਾਜ ਅੰਗ ਨਾਲ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ ਦਾ ਸਰੂਪ ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗ ਨਿਰਣਾਇਕ ਕਮੇਟੀ ਅਤੇ ਸਿੱਖ ਮਿਊਜ਼ੀਕਾਲੋਜੀ ਵਿਚ ਇਹ ਪ੍ਰਵਾਨ ਕੀਤਾ ਹੈ: ਬਿਲਾਵਲ ਥਾਟ ਤੋਂ ਉਤਪੰਨ ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਕੀਤੇ ਜਾਂਦੇ ਹਨ ਅਤੇ ਅਵਰੋਹ ਸੰਪੂਰਨ ਹੈ। ਇਸ ਪ੍ਰਕਾਰ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਬਿਹਾਗੜਾ ਰਾਗ ਨੂੰ ਬਿਲਾਵਲ ਥਾਟ ਦੇ ਅੰਤਰਗਤ ਰਖਦਿਆਂ ਰਾਗ ਬਿਹਾਗ ਵਿਚ ਕੋਮਲ ਨਿਸ਼ਾਦ ਅਤੇ ਤੀਬਰ ਮਧਿਅਮ ਦੁਰਬਲ ਕਰਕੇ ਬਿਹਾਗੜਾ ਰਾਗ ਦੀ ਰਚਨਾ ਸਵੀਕਾਰੀ ਹੈ। ਇਸ ਵਿਚ ਵਾਦੀ ਸੁਰ ਗੰਧਾਰ, ਸੰਵਾਦੀ ਕੋਮਲ ਨਿਸ਼ਾਦ ਅਤੇ ਅੰਤਰੇ ਵਿਚ ਸ਼ੁੱਧ ਨਿਸ਼ਾਦ ਦਾ ਪ੍ਰਯੋਗ ਦਸਦਿਆਂ ਗਾਉਣ ਦਾ ਸਮਾਂ ਮੱਧ-ਰਾਤ ਸਵੀਕਾਰਿਆ ਹੈ। ਇਸ ਰਾਗ ਦਾ ਆਰੋਹ : ਨੀ (ਮੰਦਰ ਸਪਤਕ) ਸ ਗ, ਮ ਪ ਨੀ ਸ (ਤਾਰ ਸਪਤਕ); ਅਵਰੋਹ : ਸ (ਤਾਰ ਸਪਤਕ) ਨੀ ਧ ਪ, ਨੀ (ਕੋਮਲ) ਧ ਪ, ਧ ਗ ਮ ਗ, ਰੇ ਸ; ਮੁੱਖ ਅੰਗ : ਗ ਮ ਪ, ਨੀ(ਕੋਮਲ) ਧ ਪ, ਧ ਗ ਮ ਗ, ਰੇ ਸ ਹੈ। ਇਸ ਤਰ੍ਹਾਂ ਇਸ ਦੇ ਆਰੋਹ ਵਿਚ ਰਿਸ਼ਭ ਧੈਵਤ

ਵਰਜਿਤ ਹੈ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰਮਤਿ ਸੰਗੀਤ ਦੀ ਰਾਗ ਧਿਆਨ ਪਰੰਪਰਾ ਅਨੁਸਾਰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਦੌਰਾਨ ਸੰਤ ਬਾਬਾ ਸੁੱਚਾ ਸਿੰਘ ਦੇ ਉੱਦਮ ਨਾਲ ਪ੍ਰਿੰਸੀਪਲ ਸਤਬੀਰ ਸਿੰਘ, ਲੇਖਕ ਅਤੇ ਸ੍ਰੀ ਬੋਧਰਾਜ ਦੇ ਭਰਵੇਂ ਵਿਚਾਰ ਵਟਾਂਦਰੇ ਉਪਰਾਂਤ ਰਾਗ ਬਿਹਾਗੜਾ ਦਾ ਇਕ ਚਿੱਤਰ ਵਿਸ਼ੇਸ਼ ਰੂਪ ਵਿਚ ਤਿਆਰ ਕਰਵਾਇਆ ਹੈ ਜੋ ਚਿਤਰਕਾਰ ਸ੍ਰੀ ਬੋਧਰਾਜ ਨੇ ਤਿਆਰ ਕੀਤਾ।

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ ਜਿਨ੍ਹਾਂ ਵੱਖ-ਵੱਖ ਰਾਗਾਂ ਵਿਚ ਸ਼ਬਦ ਕੀਰਤਨ ਰਚਨਾਵਾਂ ਦੀ ਰਚਨਾ ਕਰਕੇ (ਕੰਪੋਜ਼ ਕਰਕੇ) ਸੁਰਲਿਪੀ ਬੱਧ ਰੂਪ (ਮਿਊਜ਼ਿਕ ਨੋਟੇਸ਼ਨ) ਤਿਆਰ ਕੀਤੀਆਂ ਹੈ। ਬਿਹਾਗੜਾ ਰਾਗ ਨੂੰ ਆਪਣੀ ਕਲਾ ਪ੍ਰਤਿਭਾ ਦੁਆਰਾ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀ ਬੱਧ ਕਰਨ ਵਾਲੇ ਗੁਰਮਤਿ ਸੰਗੀਤਕਾਰਾਂ ਵਿਚੋਂ ਗਿਆਨ ਸਿੰਘ ਐਬਟਾਬਾਦ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ (ਭਾਗ ਪਹਿਲਾ, ਦੂਜਾ); ਪ੍ਰੋਫੈਸਰ ਤਾਰਾ ਸਿੰਘ ਨੇ ਆਪਣੀਆਂ ਪੁਸਤਕਾਂ ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ; ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ ਸੁਰ ਸਿਮਰਨ ਸੰਗੀਤ (ਭਾਗ ਚੌਥਾ); ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ, ਦੂਜਾ); ਡਾ. ਗੁਰਨਾਮ ਸਿੰਘ ਨੇ ਆਪਣੀ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ; ਪ੍ਰੋ. ਕਰਤਾਰ ਸਿੰਘ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ ਦਰਪਣ; ਪ੍ਰਿੰਸੀਪਲ ਦਿਆਲ ਸਿੰਘ ਨੇ ਆਪਣੀ ਪੁਸਤਕ ਗੁਰਮਤਿ ਸੰਗੀਤ ਸਾਗਰ ਅਤੇ ਇਨ੍ਹਾਂ ਤੋਂ ਇਲਾਵਾ ਪ੍ਰੋਫੈਸਰ ਪਰਮਜੋਤ ਸਿੰਘ, ਹਰਮਿੰਦਰ ਸਿੰਘ ਅਤੇ ਹੋਰ ਸੁਰਲਿਪੀਕਾਰਾਂ ਨੇ ਇਸ ਰਾਗ ਵਿਚ ਵਿਸ਼ੇਸ਼ ਤੌਰ ਤੇ ਸ਼ਬਦ ਕੀਰਤਨ ਰਚਨਾਵਾਂ ਰਚੀਆਂ ਹਨ ਜੋ ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।

ਰਾਗ ਬਿਹਾਗੜਾ ਵਿਚ ਵੱਖ-ਵੱਖ ਸ਼ਬਦ ਰਚਨਾਵਾਂ ਦਾ ਗਾਇਨ ਅਸੀਂ www.gurmatsangeetpup.com, www.sikh-relics.com, www.jawadditaksal.org, www.vismaadnaad.org ਵੈਬਸਾਈਟਸ ਤੋਂ ਸਰਵਣ ਕਰ ਸਕਦੇ ਹਾਂ। ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਬਖਸ਼ਿਸ਼ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੇਲ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਪ੍ਰੋ. ਪਰਮਜੋਤ ਸਿੰਘ ਅਤੇ ਡਾ. ਗੀਤਾ ਕੌਰ ਪੈਂਤਲ ਨੇ ਬਾਖੂਬੀ ਗਾਇਆ ਹੈ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਖੇਤਰੀ ਭਾਸ਼ਾਵਾਂ ਦਾ ਖ਼ਿਆਲ ਸ਼ੈਲੀ ਦੇ ਸਾਹਿਤ ਤੇ ਪ੍ਰਭਾਵ

ਸਰਬਜੀਤ ਕੌਰ

ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵੈਦਿਕ ਕਾਲ ਤੋਂ ਲੈ ਕੇ ਹੁਣ ਤੱਕ ਕਈ ਪਰਿਵਰਤਨਾਂ ਨੂੰ ਪਾਰ ਕਰਦੇ, ਸਮੇਂ-ਸਮੇਂ 'ਤੇ ਬਾਹਰੀ ਸੰਸਕ੍ਰਿਤੀਆਂ ਤੋਂ ਕੁਝ ਨਾ ਕੁਝ ਕਬੂਲਦੇ ਤੇ ਪ੍ਰਭਾਵਿਤ ਹੁੰਦੇ ਅੱਜ ਸਾਡੇ ਵਿਚਕਾਰ ਸ਼ਾਨਦਾਰ ਪਰੰਪਰਾ ਦੇ ਰੂਪ ਵਿੱਚ ਮੌਜੂਦ ਹੈ। ਭਾਰਤੀ ਸੰਗੀਤ ਦੀ ਪਰੰਪਰਾ ਦੁਨੀਆਂ ਦੀ ਸਭ ਤੋਂ ਪੁਰਾਣੀ ਸੰਗੀਤ ਪਰੰਪਰਾ ਹੈ। ਸਮੇਂ ਦੇ ਬਦਲਾਅ ਅਨੁਸਾਰ ਸੰਗੀਤ ਕਲਾ ਵਿੱਚ ਪਰਿਵਰਤਨ ਹੁੰਦੇ ਰਹੇ। ਪਰਿਵਰਤਨ ਕੁਦਰਤ ਦਾ ਅਟੱਲ ਨਿਯਮ ਹੈ। ਸ਼ਾਸਤਰੀ ਸੰਗੀਤ ਨੇ ਵੀ ਬਦਲਦੇ ਸਮਾਜਕ ਅਤੇ ਰਾਜਨੀਤਿਕ ਹਾਲਾਤਾਂ ਅਨੁਸਾਰ ਕਈ ਸੰਗੀਤਕ ਅਤੇ ਸਾਹਿਤਕ ਪਰਿਵਰਤਨ ਕਬੂਲੇ ਹਨ।

ਭਾਰਤ ਦੇ ਇਤਿਹਾਸ ਨੂੰ ਦੇਖੀਏ ਤਾਂ ਸਾਨੂੰ ਭਾਰਤੀ ਸੰਸਕ੍ਰਿਤੀ 'ਤੇ ਪਏ ਅਨੇਕ ਬਾਹਰੀ ਪ੍ਰਭਾਵਾਂ ਬਾਰੇ ਪਤਾ ਚੱਲਦਾ ਹੈ। ਇਸ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਇਸ ਨੇ ਆਪਣੀ ਗੋਦ ਵਿੱਚ ਕਿੰਨਾ ਕੁਝ ਬਾਹਰੀ ਸੱਭਿਅਤਾਵਾਂ ਤੇ ਸੰਸਕ੍ਰਿਤੀਆਂ ਤੋਂ ਲੈ ਕੇ ਸਮੇਟਿਆ। ਜਿਵੇਂ-ਜਿਵੇਂ ਇਨ੍ਹਾਂ ਬਾਹਰੀ ਸੱਭਿਅਤਾਵਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਉਵੇਂ-ਉਵੇਂ ਇੱਥੋਂ ਦੀ ਭਾਸ਼ਾ, ਸਾਹਿਤ ਅਤੇ ਕਲਾ ਉੱਤੇ ਆਪਣਾ ਪ੍ਰਭਾਵ ਛੱਡਿਆ।

ਭਾਸ਼ਾ ਅਤੇ ਉਪ-ਭਾਸ਼ਾਵਾਂ

ਭਾਸ਼ਾ ਤੋਂ ਭਾਵ ਹੈ - ਬੋਲਣਾ ਜਾਂ ਕਹਿਣਾ। ਮਨੁੱਖ ਦੁਆਰਾ ਬੋਲੀ ਜਾਂਦੀ ਵਿਸ਼ੇਸ਼ ਬੋਲੀ ਨੂੰ ਭਾਸ਼ਾ ਕਿਹਾ ਜਾਂਦਾ ਹੈ। ਭਾਸ਼ਾ ਇਕ ਦੂਜੇ ਤੱਕ ਆਪਣੇ ਵਿਚਾਰਾਂ, ਭਾਵਾਂ ਨੂੰ ਪਹੁੰਚਾਉਣ ਦਾ ਜ਼ਰੀਆ ਹੈ। ਸਮਾਜ ਵਿੱਚ ਵਿਚਰ ਰਹੀ ਮਨੁੱਖਤਾ ਭਾਸ਼ਾ ਦੇ ਮਾਧਿਅਮ ਨਾਲ ਹੀ ਇਕ ਦੂਜੇ ਨਾਲ ਸਮਾਜਿਕ ਸੰਬੰਧ ਸਥਾਪਿਤ ਕਰਦੀ ਹੈ। ਭਾਸ਼ਾ ਦੇ ਦੋ ਪ੍ਰਮੁੱਖ ਭੇਦ ਮੰਨੇ ਗਏ ਹਨ, ਪਹਿਲਾ - ਬੋਲੀ ਅਤੇ ਦੂਜਾ - ਭਾਸ਼ਾ। ਸਧਾਰਨ ਜਨ ਸਮੂਹ ਦੁਆਰਾ ਬੋਲੀ ਜਾਣ ਵਾਲੀ ਦੇਸੀ ਭਾਸ਼ਾ ਨੂੰ ਬੋਲੀ ਅਤੇ ਵਿਦਵਾਨਾਂ ਦੁਆਰਾ ਵਿਵਹਾਰ ਵਿੱਚ ਲਿਆਈ ਜਾਣ ਵਾਲੀ ਭਾਸ਼ਾ ਨੂੰ ਭਾਸ਼ਾ ਕਿਹਾ ਜਾਂਦਾ ਹੈ। ਹਰੇਕ ਭਾਸ਼ਾ ਦੀ ਆਪਣੀ ਨਿੱਜੀ ਲਿੱਪੀ ਹੁੰਦੀ ਹੈ ਜਿਸਦੇ ਮਾਧਿਅਮ ਤੋਂ ਸਾਹਿਤ ਦਾ ਲਿਖਿਤ ਰੂਪ ਸੁਰੱਖਿਅਤ ਰਹਿੰਦਾ ਹੈ, ਜਦੋਂ ਕਿ ਬੋਲੀ ਦੀ ਕੋਈ ਲਿੱਪੀ ਨਾ ਹੋਣ ਕਾਰਨ ਉਹ ਪਰੰਪਰਾਗਤ ਮੌਖਿਕ ਰੂਪ ਨਾਲ ਪੀੜ੍ਹੀ ਦਰ ਪੀੜ੍ਹੀ ਚਲਦੀ ਹੈ। ਇਸ ਲਈ ਬੋਲੀ ਨੂੰ ਭਾਸ਼ਾ ਦਾ ਦੇਸੀ ਸਵਰੂਪ ਕਿਹਾ ਜਾ ਸਕਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਬੋਲੀ ਦਾ ਮਹੱਤਵ ਭਾਸ਼ਾ ਤੋਂ ਘੱਟ ਹੈ। ਇਹ ਦੇਖਿਆ ਗਿਆ ਹੈ ਕਿ ਲੋਕ ਭਾਸ਼ਾ ਜਾਂ ਭਾਸ਼ਾ 'ਤੇ ਹਮੇਸ਼ਾ ਹੀ ਬੋਲੀਆਂ ਦਾ ਪ੍ਰਭਾਵ ਰਹਿੰਦਾ ਹੈ। ਅਸਲ ਵਿੱਚ ਭਾਸ਼ਾਵਾਂ ਦਾ ਅਧਾਰ ਹੀ ਬੋਲੀਆਂ ਹਨ। ਬੋਲੀ ਹੀ ਵਿਕਸਿਤ ਹੋ ਕੇ ਭਾਸ਼ਾ ਦਾ ਰੂਪ ਗ੍ਰਹਿਣ ਕਰਦੀ ਹੈ।

ਜ਼ਮੀਨੀ ਖੇਤਰ ਜਾਂ ਕਿਸੇ ਵਿਸ਼ੇਸ਼ ਸਮਾਜ ਦੇ ਵਖਰੇਵੇਂ ਤੋਂ ਹੀ ਉਪ-ਬੋਲੀਆਂ, ਉਪ-ਭਾਸ਼ਾਵਾਂ ਜਾਂ ਖੇਤਰੀ ਭਾਸ਼ਾਵਾਂ ਦਾ ਜਨਮ ਹੁੰਦਾ ਹੈ। ਭਾਰਤ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਵਿੱਚ ਕਈ ਬੋਲੀਆਂ

ਕਬਾਇਲੀ, ਜਾਤੀ ਜਾਂ ਸਮੁਦਾਇਕ ਬੋਲੀਆਂ ਹਨ। ਭਾਰਤ ਵਿੱਚ ਸਮੇਂ-ਸਮੇਂ 'ਤੇ ਵੱਖਰੀਆਂ ਜਾਤੀਆਂ ਜਾਂ ਕੌਮਾਂ ਨੇ ਰਾਜ ਕੀਤਾ। ਸਾਰੀਆਂ ਹੀ ਕੌਮਾਂ ਵੱਖੋ-ਵੱਖਰੀ ਬੋਲੀ ਬੋਲਣ ਵਾਲੀਆਂ ਸਨ ਜਿਸ ਦੇ ਸਿੱਟੇ ਵਜੋਂ ਸ਼ਾਇਦ ਭਾਸ਼ਾ ਵੱਖ-ਵੱਖ ਰੂਪਾਂ ਵਿੱਚ ਵਿਕਸਿਤ ਹੋਈ। ਪਰ ਫੇਰ ਵੀ ਕਾਫ਼ੀ ਸਮੇਂ ਤੱਕ ਭਾਰਤੀ ਸਮਾਜ ਵਿੱਚ ਸੰਸਕ੍ਰਿਤ ਭਾਸ਼ਾ ਦਾ ਬੋਲਬਾਲਾ ਰਿਹਾ।

"ਸੰਸਕ੍ਰਿਤ ਸਦੀਆਂ ਤੱਕ ਧਰਮ, ਸਾਹਿਤ ਅਤੇ ਰਾਸ਼ਟਰ ਦੀ ਭਾਸ਼ਾ ਰਹੀ ਤੇ ਉਸ ਦਾ ਪ੍ਰਭਾਵ ਦੱਖਣ ਦੀਆਂ ਦ੍ਰਾਵਿੜ ਬੋਲੀਆਂ ਤੇ ਵੀ ਪਿਆ ਹੈ। ਵਾਸਤਵ ਵਿੱਚ ਭਾਰਤੀ ਸੰਸਕ੍ਰਿਤੀ ਦੇ ਵੱਖ-ਵੱਖ ਤੱਤਾਂ, ਅਨੇਕਾਂ ਨਸਲਾਂ ਅਤੇ ਬੋਲੀਆਂ ਨੂੰ ਰਲਾ-ਮਿਲਾ ਕੇ ਇਕਮਿਕ ਕਰਨ ਵਾਲੀ ਭਾਰਤੀ ਭਾਸ਼ਾ ਆਰੀਆਂ ਦੀ ਬੋਲੀ ਹੀ ਸੀ, ਜਿਹੜੀ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੇ ਰੂਪ ਵਿੱਚ ਵਟਦੀ ਹੋਈ ਹੁਣ ਦੀਆਂ ਹਿੰਦ-ਆਰਿਆਈ ਭਾਸ਼ਾਵਾਂ - ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਆਦਿ ਦੇ ਰੂਪਾਂ ਵਿੱਚ ਸਾਡੇ ਸਾਹਮਣੇ ਹੈ।"[1] (ਪ੍ਰੋ. ਵਿੱਦਿਆ ਭਾਸਕਰ ਅਰੁਣ, ਪੰਜਾਬੀ ਭਾਸ਼ਾ ਦਾ ਇਤਿਹਾਸ, ਪੰਨਾ-2)

ਲਗਭਗ 1000 ਈ. ਦੇ ਆਸਪਾਸ ਅਪਭ੍ਰੰਸ਼ਾਂ ਦੇ ਵਿਭਿੰਨ ਰੂਪਾਂ ਤੋਂ ਆਧੁਨਿਕ ਭਾਰਤੀ ਆਰੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ।[2] ( ਡਾ. ਭੋਲਾਨਾਥ ਤਿਵਾਰੀ, ਹਿੰਦੀ ਭਾਸ਼ਾ, ਪੰਨਾ-20) ਆਧੁਨਿਕ ਭਾਸ਼ਾਵਾਂ ਵਿੱਚ ਭਾਰਤੀ ਸਾਹਿਤ ਦੀ ਰਚਨਾ ਤਾਂ 1000 ਈ. ਦੇ ਆਸ-ਪਾਸ ਹੋ ਚੁੱਕੀ ਸੀ ਪਰ ਕੋਈ ਵੀ ਭਾਸ਼ਾ ਜਨਮ ਲੈਂਦੇ ਹੀ ਸਾਹਿਤ ਦੀ ਭਾਸ਼ਾ ਨਹੀਂ ਬਣਦੀ। ਪੈਦਾ ਹੋਣ ਤੋਂ ਸੌ-ਡੇਢ ਸੌ ਸਾਲ ਬਾਅਦ ਸਵੀਕ੍ਰਿਤੀ ਮਿਲਣ 'ਤੇ ਅਤੇ ਉਸ ਦਾ ਸਵਰੂਪ ਕੁਝ ਨਿਸ਼ਚਿਤ ਹੋਣ 'ਤੇ ਹੀ ਕੋਈ ਭਾਸ਼ਾ ਸਾਹਿਤ-ਰਚਨਾ ਲਈ ਅਪਣਾਉਣ ਯੋਗ ਹੁੰਦੀ ਹੈ।

ਭਾਰਤ ਵਿੱਚ ਦੇਸੀ ਜਾਂ ਖੇਤਰੀ ਭਾਸ਼ਾਵਾਂ ਦੀ ਉੱਤਪਤੀ

ਭਾਰਤੀ ਸੰਗੀਤ ਦੇ ਵਿਕਾਸ ਦੇ ਦੌਰ ਵਿੱਚ ਚੰਦਰਗੁਪਤ ਵਿਕ੍ਰਮਾਦਤਿਯ (375-380 ਤੱਕ) ਦੇ ਕਾਲ ਨੂੰ ਸੰਗੀਤ, ਸਾਹਿਤ ਅਤੇ ਹੋਰ ਲਲਿਤ ਕਲਾਵਾਂ ਦਾ "ਸਵਰਨ ਕਾਲ" ਮੰਨਿਆ ਜਾਂਦਾ ਹੈ। ਇਸ ਦੇ ਦਰਬਾਰ ਵਿੱਚ ਅਨੇਕ ਕਲਾਕਾਰ, ਕਵੀ ਤੇ ਵਿਦਵਾਨ ਰਹਿੰਦੇ ਸਨ। ਇਸ ਕਾਲ ਵਿੱਚ ਭਾਰਤੀ ਸੰਸਕ੍ਰਿਤੀ ਅਰਬ ਪੰਹੁਚੀ। ਇਥੋਂ ਤੱਕ ਕਿ ਭਾਰਤੀ ਸੰਗੀਤ ਦੀਆਂ ਅਨੇਕਾਂ ਪੁਸਤਕਾਂ ਦਾ ਅਰਬੀ ਭਾਸ਼ਾ ਵਿੱਚ ਅਨੁਵਾਦ ਵੀ ਹੋਇਆ। ਕਈ ਪ੍ਰਸਿੱਧ ਨਾਟਕਕਾਰ ਅਤੇ ਕਵੀ ਇਸੇ ਕਾਲ ਵਿੱਚ ਹੋਏ। ਗੁਪਤ ਕਾਲ ਵਿੱਚ ਹਰ ਰਾਜੇ ਵੱਲੋਂ ਸੰਗੀਤ ਕਲਾ ਦੇ ਪ੍ਰਚਾਰ ਲਈ ਕੋਈ ਨਾ ਕੋਈ ਯਤਨ ਤਾਂ ਜ਼ਰੂਰ ਕੀਤੇ ਗਏ। ਇਸੇ ਸਮੇਂ ਦੌਰਾਨ ਹੀ ਕਈ ਵਿਦੇਸ਼ੀ ਯਾਤਰੀ ਭਾਰਤ ਆਏ। 606 ਈ. ਤੋਂ 647 ਈ. ਤੱਕ ਹਿੰਦੂ ਸਾਮਰਾਜ ਦੇ ਅੰਤਿਮ ਰਾਜਾ ਹਰਸ਼ਵਰਧਨ ਦਾ ਸਮਾਂ ਕਾਲ ਸੀ। ਹਰਸ਼ਵਰਧਨ ਇਕ ਯੋਗ ਸੈਨਾਪਤੀ ਹੋਣ ਦੇ ਨਾਲ-ਨਾਲ ਕਲਾ ਤੇ ਸਾਹਿਤ ਦਾ ਪੁਜਾਰੀ ਸੀ। ਗੁਪਤ-ਕਾਲ ਦੀ ਤਰ੍ਹਾਂ ਇਸ ਕਾਲ ਵਿੱਚ ਵੀ ਸੰਗੀਤ ਦਾ ਵਿਕਾਸ ਹੁੰਦਾ ਰਿਹਾ। 647 ਈ. ਵਿੱਚ ਹਰਸ਼ਵਰਧਨ ਦੀ ਮੌਤ ਤੋਂ ਬਾਅਦ ਕਈ ਸਦੀਆਂ ਤੱਕ ਭਾਰਤ ਵਿੱਚ ਕੋਈ ਸਾਮਰਾਜ ਸਥਾਪਿਤ ਨਹੀਂ ਹੋਇਆ। ਅਜਿਹੀ ਸਥਿਤੀ ਵਿੱਚ ਭਾਰਤ ਕਈ ਛੋਟੇ-ਛੋਟੇ ਇਲਾਕਿਆਂ ਅਤੇ ਰਾਜਾਂ ਵਿੱਚ ਵੰਡਿਆ ਗਿਆ ਜਿਸ ਕਰਕੇ ਛੋਟੀਆਂ-ਛੋਟੀਆਂ ਦੇਸੀ ਸੱਭਿਅਤਾਵਾਂ ਵਿਕਸਿਤ ਹੋਈਆਂ। ਇਸ ਕਾਲ ਵਿੱਚ ਭਾਰਤ ਦੀ ਰਾਜਨੀਤਿਕ ਸਥਿਤੀ ਕਾਫ਼ੀ ਡਾਵਾਂਡੋਲ ਹੋ ਚੁੱਕੀ ਸੀ। ਭਾਰਤ ਵਿੱਚ ਕਈ ਛੋਟੇ-ਛੋਟੇ ਰਾਜ ਸਥਾਪਿਤ ਹੋ ਚੁੱਕੇ ਸਨ। ਇਸੇ ਕਾਰਨ ਵਿਦੇਸ਼ੀ ਹਮਲਾਵਰਾਂ ਨੇ ਮੌਕਾ ਪਾ ਕੇ ਨਿਰੰਤਰ ਭਾਰਤ ਤੇ ਹਮਲੇ ਕੀਤੇ। ਮਹਿਮੂਦ ਗ਼ਜ਼ਨਵੀ, ਮੁਹੰਮਦ ਗੌਰੀ ਨੇ ਇਸ ਸਮੇਂ ਦੌਰਾਨ ਭਾਰਤ ਤੇ ਹਮਲੇ ਕਰਕੇ ਲੁੱਟ-ਖਸੁੱਟ ਕੀਤੀ। ਇਹਨਾਂ ਹਮਲਿਆਂ ਅਤੇ ਇਹਨਾਂ ਰਾਹੀਂ ਫੈਲੀ ਹੋਈ ਰਾਜਨੀਤਿਕ ਅਰਾਜਕਤਾ ਨੇ ਪ੍ਰੰਪਰਾਗਤ ਸੰਗੀਤ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਛੋਟੇ-ਛੋਟੇ ਰਾਜਾਂ ਵਿੱਚ ਵੰਡੇ ਹੋਣ ਕਾਰਨ ਪ੍ਰਦੇਸ਼ਿਕ ਸੰਸਕ੍ਰਿਤੀਆਂ ਵੀ ਇਸ ਸਮੇਂ ਵਿਕਸਿਤ ਹੋਈਆਂ। ਦੇਸੀ ਸੰਸਕ੍ਰਿਤੀਆਂ ਦੇ ਨਾਲ ਦੇਸੀ ਭਾਸ਼ਾਵਾਂ ਦਾ ਵਿਕਾਸ ਵੀ ਇਸ ਸਮੇਂ ਦੌਰਾਨ

ਹੋਇਆ। ਇਸ ਰਾਜਨੀਤਿਕ ਉਥਲ-ਪੁਥਲ ਦਾ ਵੱਡਾ ਪ੍ਰਭਾਵ ਇਹ ਪਿਆ ਕਿ ਸੰਸਕ੍ਰਿਤ ਇਕ ਵਿਸ਼ੇਸ਼ ਵਰਗ ਦੀ ਭਾਸ਼ਾ ਬਣ ਗਈ ਅਤੇ ਆਮ ਲੋਕਾਂ ਨੇ ਸੰਚਾਰ ਲਈ ਖੇਤਰੀ ਬੋਲੀਆਂ ਵਿਕਸਿਤ ਕਰ ਲਈਆਂ।

## ਸ਼ਾਸਤਰੀ ਸੰਗੀਤ ਵਿੱਚ ਪ੍ਰਯੋਗ ਹੋਈਆਂ ਖੇਤਰੀ ਭਾਸ਼ਾਵਾਂ

ਦੁਨੀਆਂ ਦੇ ਕਿਸੇ ਵੀ ਖੇਤਰ ਵਿੱਚ ਉੱਥੋਂ ਦੀਆਂ ਸਥਾਨਕ-ਭਾਸ਼ਾਵਾਂ ਦਾ ਸੰਗੀਤ 'ਤੇ ਪ੍ਰਭਾਵ ਜ਼ਰੂਰ ਪੈਂਦਾ ਹੈ। ਸ਼ਾਸਤਰੀ ਸੰਗੀਤ ਇਕ ਜੀਵੰਤ ਕਲਾ ਹੈ ਜਿਸ ਨੇ ਆਪਣੇ ਵਿਕਾਸ ਦੌਰਾਨ ਅਨੇਕ ਪ੍ਰਭਾਵ ਕਬੂਲੇ ਤੇ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਸਮੇਂ-ਸਮੇਂ ਤੇ ਹੁੰਦੇ ਰਹੇ ਰਾਜਨੀਤਿਕ ਅਤੇ ਸਮਾਜਿਕ ਪਰਿਵਰਤਨ ਇਸ ਉੱਤੇ ਆਪੋ ਆਪਣਾ ਅਸਰ ਛੱਡਦੇ ਰਹੇ ਅਤੇ ਇਸ ਨੂੰ ਨਵਾਂ ਰੂਪ ਪ੍ਰਦਾਨ ਕਰਨ ਵਿੱਚ ਆਪਣਾ ਹਿੱਸਾ ਪਾਉਂਦੇ ਰਹੇ।

ਕਿਸੇ ਵੀ ਸਾਹਿਤਕ ਤੇ ਸੰਗੀਤਕ ਰਚਨਾ ਵਿੱਚ ਉਸ ਦਾ ਭਾਸ਼ਾ ਪੱਖ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਸੰਗੀਤਮਈ ਕਾਵਿ ਅਤੇ ਕਾਵਿਮਈ ਸੰਗੀਤ ਦੀ ਭਾਵਮਈ ਅਭਿਵਿਅਕਤੀ ਸਰੋਤਿਆਂ ਦੇ ਦਿਲੋ-ਦਿਮਾਗ ਤੇ ਅਸਰ ਛੱਡਦੀ ਹੈ। ਉਸ ਦਾ ਅਨੁਭਵ ਅਲੌਕਿਕ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇਸੇ ਤਰ੍ਹਾਂ ਹੀ ਸੌਂਦਰਯਾਤਮਕ ਤੱਤਾਂ ਨਾਲ ਭਰਪੂਰ ਸ਼ਾਸਤਰੀ ਸੰਗੀਤ ਆਪਣੇ ਆਪ ਵਿੱਚ ਅਨੇਕ ਵਿਸ਼ੇਸ਼ਤਾਵਾਂ ਦਾ ਧਾਰਨੀ ਹੈ। ਸ਼ਾਸਤਰੀ ਸੰਗੀਤ ਵਿੱਚ ਬੰਦਿਸ਼ਾਂ ਦੀ ਰਚਨਾ ਵੱਖ-ਵੱਖ ਭਾਸ਼ਾਵਾਂ ਜਿਵੇਂ ਬ੍ਰਜ, ਅਵਧੀ, ਭੋਜਪੁਰੀ, ਪੰਜਾਬੀ, ਖੜੀ ਬੋਲੀ ਆਦਿ ਵਿੱਚ ਹੋਈ। "ਬ੍ਰਜ ਦਾ ਪੁਰਾਣਾ ਅਰਥ ਪਸ਼ੂਆਂ, ਗਊਆਂ ਦਾ ਸਮੂਹ ਜਾਂ ਚਾਰਾਗਾਹ ਹੈ। ਪਸ਼ੂਪਾਲਣ ਦੀ ਪ੍ਰਧਾਨਤਾ ਹੋਣ ਦੇ ਕਾਰਣ ਇਹ ਬ੍ਰਜ ਅਖਵਾਇਆ। ਇਸੇ ਆਧਾਰ ਤੇ ਇਸ ਖੇਤਰ ਨੂੰ ਬ੍ਰਜ ਅਤੇ ਉਸ ਦੀ ਬੋਲੀ 'ਬ੍ਰਜ ਭਾਸ਼ਾ' ਅਖਵਾਈ। ਸਾਹਿਤ ਤੇ ਲੋਕ ਸਾਹਿਤ ਦੀ ਦ੍ਰਿਸ਼ਟੀ ਤੋਂ ਬ੍ਰਜ ਭਾਸ਼ਾ ਬਹੁਤ ਹੀ ਸੰਪੂਰਨ ਹੈ। ਖ਼ਿਆਲ ਦੀਆਂ ਬੰਦਿਸ਼ਾਂ ਦੀ ਮੁੱਖ ਭਾਸ਼ਾ ਬ੍ਰਜ ਹੀ ਰਹੀ। ਬ੍ਰਜ ਭਾਸ਼ਾ ਮਥੁਰਾ, ਆਗਰਾ, ਅਲੀਗੜ੍ਹ, ਧੌਲਪੁਰ, ਬਰੇਲੀ ਆਦਿ ਖੇਤਰਾਂ ਵਿੱਚ ਬੋਲੀ ਜਾਂਦੀ ਹੈ।" (ਡਾ. ਭੋਲਾਨਾਥ ਤਿਵਾਰੀ, ਹਿੰਦੀ ਭਾਸ਼ਾ, ਪੰਨਾ-31) ਅਵਧੀ ਬੋਲੀ ਦਾ ਕੇਂਦਰ ਅਯੋਧਿਆ ਹੈ। 'ਅਯੋਧਿਆ' ਸ਼ਬਦ ਦਾ ਹੀ ਵਿਕਸਿਤ ਰੂਪ 'ਅਵਧ' ਹੈ, ਜਿਸ ਤੋਂ 'ਅਵਧੀ' ਸ਼ਬਦ ਬਣਿਆ। ਅਵਧੀ ਦਾ ਖੇਤਰ ਲਖਨਊ, ਇਲਾਹਾਬਾਦ, ਫਤੇਹਪੁਰ, ਪ੍ਰਤਾਪਗੜ੍ਹ, ਫੈਜ਼ਾਬਾਦ, ਸੁਲਤਾਨਪੁਰ, ਆਦਿ ਹੈ। ਅਵਧੀ ਨੂੰ ਪੂਰਵੀ ਜਾਂ ਕੌਸਲੀ ਵੀ ਕਿਹਾ ਜਾਂਦਾ ਹੈ। (ਡਾ. ਹੁਕਮਚੰਦ ਰਾਜਪਾਲ, ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ-38) ਅਵਧੀ ਵਿੱਚ ਸਾਹਿਤ ਅਤੇ ਲੋਕ ਸਾਹਿਤ ਦੋਨੋ ਹੀ ਉਪਲਬਧ ਹਨ। ਬਿਹਾਰ ਦੇ ਸ਼ਾਹਬਾਦ ਜ਼ਿਲ੍ਹੇ ਦੇ ਭੋਜਪੁਰ ਪਿੰਡ ਦੇ ਆਧਾਰ ਤੇ ਇਸ ਇਲਾਕੇ ਦੀ ਬੋਲੀ ਦਾ ਨਾਮ ਭੋਜਪੁਰੀ ਪਿਆ। ਇਸ ਭਾਸ਼ਾ ਵਿੱਚ ਵੀ ਕਵੀਆਂ ਨੇ ਅਨੇਕ ਰਚਨਾਵਾਂ ਰਚੀਆਂ। ਇਹ ਬੋਲੀ ਬਨਾਰਸ, ਜੌਨਪੁਰ, ਮਿਰਜ਼ਾਪੁਰ, ਗਾਜ਼ੀਪੁਰ, ਗੋਰਖਪੁਰ, ਸ਼ਾਹਬਾਦ ਆਦਿ ਹੋਰ ਆਸ-ਪਾਸ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ। (ਡਾ. ਹੁਕਮਚੰਦ ਰਾਜਪਾਲ, ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ-39) ਖੜੀ ਬੋਲੀ (ਕੌਰਵੀ ਬੋਲੀ) ਸ਼ਬਦ ਦਾ ਪ੍ਰਯੋਗ ਦੋ ਅਰਥਾਂ ਵਿੱਚ ਹੁੰਦਾ ਹੈ। ਇੱਕ ਤਾਂ ਸਾਹਿਤਕ ਹਿੰਦੀ ਖੜੀ ਬੋਲੀ ਦੇ ਅਰਥ ਵਿੱਚ ਤੇ ਦੂਸਰਾ ਦਿੱਲੀ, ਮੇਰਠ ਦੇ ਆਸ ਪਾਸ ਦੀ ਲੋਕ ਬੋਲੀ ਦੇ ਰੂਪ ਵਿੱਚ। ਲੋਕ ਸਾਹਿਤ ਦੀ ਦ੍ਰਿਸ਼ਟੀ ਤੋਂ ਖੜੀ ਬੋਲੀ ਬਹੁਤ ਹੀ ਸੰਪੰਨ ਹੈ। ਇਸ ਵਿੱਚ ਲੋਕ ਗੀਤ, ਲੋਕ ਕਥਾ, ਲੋਕ ਗਾਥਾਵਾਂ ਆਦਿ ਰਚਨਾਵਾਂ ਮਿਲਦੀਆਂ ਹਨ। ਇਸ ਦਾ ਖੇਤਰ ਦੇਹਰਦੂਨ ਦਾ ਮੈਦਾਨੀ ਭਾਗ, ਸਹਾਰਨਪੁਰ, ਮੁਜ਼ੱਫਰਨਗਰ, ਮੇਰਠ, ਦਿੱਲੀ, ਗਾਜ਼ੀਆਬਾਦ ਆਦਿ ਹੈ। (ਡਾ. ਭੋਲਾਨਾਥ ਤਿਵਾਰੀ, ਹਿੰਦੀ ਭਾਸ਼ਾ, ਪੰਨਾ-30) ਪੰਜਾਬੀ ਭਾਸ਼ਾ ਦੀਆਂ ਪ੍ਰਮੁੱਖ ਉਪ-ਭਾਸ਼ਾਵਾਂ ਜਿਵੇਂ ਮਾਝੀ, ਪੁਆਧੀ, ਦੁਆਬੀ, ਲਹਿੰਦੀ, ਪੋਠੋਹਾਰੀ, ਮਲਵਈ, ਡੋਗਰੀ ਆਦਿ ਹਨ। ਪੰਜਾਬ ਦੀਆਂ ਸਾਰੀਆਂ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਵਿਚੋਂ ਪੋਠੋਹਾਰੀ, ਮਾਝੀ, ਦੁਆਬੀ, ਲਹਿੰਦੀ ਭਾਸ਼ਾਵਾਂ ਕਾਵਿ ਦੇ ਖੇਤਰ ਵਿੱਚ ਲੋਕਪ੍ਰਿਯ ਹੋਈਆਂ। ਪਰ ਪੰਜਾਬੀ ਬੰਦਿਸ਼ਾਂ ਵਿੱਚ ਮੁੱਖ ਤੌਰ ਤੇ ਲਹਿੰਦੀ ਤੇ ਮੁਲਤਾਨੀ ਭਾਸ਼ਾਵਾਂ ਦਾ ਪ੍ਰਯੋਗ ਹੋਇਆ। (ਡਾ. ਗੀਤਾ ਪੈਂਤਲ, ਪੰਜਾਬ ਕੀ ਸੰਗੀਤ ਪ੍ਰੰਪਰਾ, ਪੰਨਾ-198)

ਉਦਾਹਰਣ ਵਜੋਂ ਇਹਨਾਂ ਵੱਖ-ਵੱਖ ਭਾਸ਼ਾਵਾਂ ਦੀਆਂ ਬੰਦਿਸ਼ਾਂ ਹੇਠ ਲਿਖੇ ਅਨੁਸਾਰ ਹਨ:

1) ਬ੍ਰਜ ਭਾਸ਼ਾ ਯੁਕਤ ਬੰਦਿਸ਼-

ਸਥਾਈ : ਸਾਂਝ ਭਈ ਅਜਹੂ ਨਹੀਂ ਆਏ ਗਊਅਨ ਕੇ ਪ੍ਰਤੀਪਾਲ ਚਰਵਾਲ ਚਰਈਆ

ਅੰਤਰਾ : ਹਾਥ ਬੰਸੀਧਰ, ਮੁਕੁਟ ਸੀਸ ਸਾਜੇ, ਸਦਾਰੰਗ ਕਰੂੰ ਰੂਪ ਸਰੂਪ ਅੰਗਵਾ। ( ਪੰ. ਵਿਸ਼ਨੂਨਾਰਾਇਣ ਭਾਤਖੰਡੇ, ਕ੍ਰਮਿਕ ਪੁਸਤਕ ਮਾਲਿਕਾ, ਭਾਗ 3, ਪੰਨਾ-372)

2) ਭੋਜਪੁਰੀ ਭਾਸ਼ਾ ਯੁਕਤ ਬੰਦਿਸ਼-

ਸਥਾਈ : ਮੁਹੰਮਦ ਪਾਤਸਾ ਆਜ ਹਮ ਮਨ ਤੁਮ ਸਨ ਭੇਂਟ ਭਈਲੀ
ਕੋਟਿ ਬਰਸ ਸੁਰਜਨੁਵਾ ਕਜਵਾ ਸਬ ਸਬ ਪੁਜੀਲਾ।

ਅੰਤਰਾ : ਜੀਵੋ ਜਾਗੋ ਕੋਟਿ ਬਰਸ ਲੋ
ਡੋਂਟਵਾ ਤੁਮਾਰੇ ਕਾਇਮ ਦਾਇਮ ਇਨਹੇ ਸਦਾਰੰਗੀਲੇ ਕਰ ਮਨ ਚੀਤੇ ਹੂਜਲਾ। (ਕ੍ਰਿਸ਼ਣਾਨੰਦ ਵਿਆਸ, ਰਾਗਕਲਪਦ੍ਰੁਮ, ਪੰਨਾ-189)

3) ਮੁਹਾਵਰਾ ਸ਼ੈਲੀ ਯੁਕਤ ਬੰਦਿਸ਼-

ਸਥਾਈ : ਅਰੇ ਜਿਨ ਕਭੀ ਨਾ ਕਿਆ ਸੋ ਕਰਤ ਅਬ
ਅਦਾਰੰਗ ਜੋ ਵਿਧਨਾ ਲਿਖ ਦੀਨੋਂ ਸੋਈ ਭੁਗਤਤ ਸਬ

ਅੰਤਰਾ : ਤੇ ਸੁਨੋ ਨਾਹਿ ਕਿਸਾ ਜੈਸੋ ਦੇਸ਼ ਤੈਸੋ ਵੇਸ਼
ਕਰੀਏ ਦੇਸ਼ਕਾਲ ਚਲਨ ਵੇਸ਼। ( ਕ੍ਰਿਸ਼ਣਾਨੰਦ ਵਿਆਸ, ਰਾਗਕਲਪਦ੍ਰੁਮ, ਪੰਨਾ-189)

ਉਪਰੋਕਤ ਬੰਦਿਸ਼ ਵਿੱਚ ਖੜੀ ਬੋਲੀ ਦਾ ਮਿਸ਼ਰਣ ਦੇਖਿਆ ਜਾ ਸਕਦਾ ਹੈ।

4) ਰਾਜਸਥਾਨੀ ਭਾਸ਼ਾ ਯੁਕਤ ਬੰਦਿਸ਼-

ਰਾਗ - ਅਹੀਰ ਭੈਰਵ

ਸਥਾਈ : ਰਸੀਆ ਮਾਰਾ ਅਮਲਾ ਰਾ ਰਾਤਾ ਮਾਤਾ ਓ ਜੀ
ਦਾਸੀ ਥਾਰੀ ਮੈਂ ਜਨਮ ਜਨਮ ਕੀ ਮਾਨੇ ਚਾਹੋ ਜੀ। ( ਪੰ. ਵਿਸ਼ਨੂਨਾਰਾਇਣ ਭਾਤਖੰਡੇ, ਕ੍ਰਮਿਕ ਪੁਸਤਕ ਮਾਲਿਕਾ, ਭਾਗ-5, ਪੰਨਾ-340)

5) ਪੰਜਾਬੀ ਭਾਸ਼ਾ ਯੁਕਤ ਬੰਦਿਸ਼-

ਰਾਗ - ਭੀਮ ਪਲਾਸੀ

ਸਥਾਈ : ਦਿਲਬਰ ਯਾਰ ਸਜਨ ਦੀ ਰਮਜ਼ਾਂ
ਸਾਡੇ ਮਨ ਭਾਵੰਦੀਆਂ

ਅੰਤਰਾ : ਤਰਿੰਝਣਾਂ ਦੇ ਵਿਚ ਨਚਣ ਸਹੇਲੀਆਂ
ਇਕ ਰੋਵਣ ਇਕ ਗਾਂਵਦੀਆਂ। ( ਡਾ. ਗੁਰਨਾਮ ਸਿੰਘ, ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਿਸ਼ਾਂ, ਪੰਨਾ-32)

## ਖ਼ਿਆਲ ਸ਼ੈਲੀ ਦਾ ਸਾਹਿਤ

ਭਾਰਤੀ ਸ਼ਾਸਤਰੀ ਸੰਗੀਤ ਵਿੱਚ ਖ਼ਿਆਲ ਤੋਂ ਪੂਰਵ ਸਾਮਗਾਨ, ਪ੍ਰਬੰਧ, ਧਰੁਪਦ, ਧਮਾਰ ਦਾ ਪ੍ਰਚਾਰ ਰਿਹਾ। ਸਾਮਗਾਨ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਅਨੇਕ ਗਾਇਨ ਸ਼ੈਲੀਆਂ ਦਾ ਨਿਕਾਸ ਤੇ ਵਿਕਾਸ ਹੋਇਆ ਤੇ ਕਈਆਂ ਨੇ ਆਪਣੀਆਂ ਪੂਰਵਲੀਆਂ ਸ਼ੈਲੀਆਂ ਤੋਂ ਕੁਝ ਨਾ ਕੁਝ ਪ੍ਰਾਪਤ ਕਰ ਕੇ ਨਵੀਨ ਰੂਪ ਧਾਰਨ ਕੀਤਾ। ਖ਼ਿਆਲ ਸ਼ੈਲੀ ਤੋਂ ਪਹਿਲਾਂ ਪ੍ਰਬੰਧ, ਧਰੁਪਦ, ਧਮਾਰ ਗਾਇਨ ਸ਼ੈਲੀਆਂ ਪ੍ਰਚਾਰ ਵਿੱਚ ਰਹੀਆਂ। ਪ੍ਰਬੰਧ ਅਤੇ ਧਰੁਪਦ ਦੀਆਂ ਬੰਦਿਸ਼ਾਂ ਦੀ ਭਾਸ਼ਾ ਸੰਸਕ੍ਰਿਤ ਰਹੀ। ਉਸ ਸਮੇਂ ਸੰਗੀਤ ਨੂੰ ਮੰਦਰਾਂ ਜਾਂ ਧਾਰਮਿਕ ਸਥਾਨਾਂ ਦਾ

ਆਸ਼ਰਯ ਪ੍ਰਾਪਤ ਹੋਇਆ। ਮੰਦਰਾਂ ਵਿੱਚ ਪੂਜਾ ਅਰਾਧਨਾ ਦੀ ਭਾਸ਼ਾ ਸੰਸਕ੍ਰਿਤ ਸੀ। ਸੰਸਕ੍ਰਿਤ ਭਾਸ਼ਾ ਹੌਲੀ-ਹੌਲੀ ਇਕ ਖ਼ਾਸ ਵਰਗ ਨਾਲ ਸੰਬੰਧਿਤ ਹੋ ਕੇ ਜਨਸਾਧਾਰਨ ਤੋਂ ਦੂਰ ਹੋ ਗਈ। ਸਮੇਂ ਦੇ ਪਰਿਵਰਤਨ ਕਾਰਨ ਪ੍ਰਬੰਧ ਵੀ ਦੇਸੀ ਭਾਸ਼ਾਵਾਂ ਵਿੱਚ ਰਚੇ ਜਾਣ ਲੱਗੇ। "16ਵੀਂ ਸ਼ਤਾਬਦੀ ਵਿੱਚ ਮਰਾਠੀ ਦੇ ਸੰਤ ਕਵੀ ਦਾਸੋਪੰਤ ਜੀ ਦੇ ਮਰਾਠੀ ਭਾਸ਼ਾ ਵਿੱਚ ਰਚਿਤ ਪ੍ਰਬੰਧ ਅੱਜ ਵੀ ਸਾਡੇ ਕੋਲ ਲਿਖਤ ਰੂਪ ਵਿੱਚ ਉਪਲਬਧ ਹਨ।" ( ਸ਼੍ਰੀ ਵਾਮਨਰਾਵ ਦੇਸ਼ਪਾਂਡੇ, "ਧਰੁਪਦ, ਖ਼ਿਆਲ ਅਤੇ ਠੁਮਰੀ: ਏਕ ਉੱਤਕ੍ਰਾਂਤੀ", ਮੁਕਤ ਸੰਗੀਤ ਸੰਵਾਦ, ਸ਼੍ਰੀ ਰੰਗ ਸੰਗੋਰਾਮ (ਸੰਪਾ.), ਪੰਨਾ-23) ਪ੍ਰਬੰਧ ਪਿੱਛੋਂ ਧਰੁਪਦ ਦਾ ਪ੍ਰਚਾਰ ਹੋਇਆ। ਧਰੁਪਦ ਗਾਇਨ ਸ਼ੈਲੀ ਨੂੰ ਮਰਦਾਨਾ ਤੇ ਜ਼ੋਰਦਾਰ ਗਾਇਕੀ ਕਿਹਾ ਜਾਂਦਾ ਹੈ। ਅਸਲ ਵਿੱਚ ਧਰੁਪਦ ਵੀ ਪ੍ਰਬੰਧ ਦਾ ਹੀ ਇਕ ਪ੍ਰਕਾਰ ਹੈ। ਸੰਗੀਤ ਵਿੱਚ ਬੰਦਿਸ਼ ਸ਼ਬਦ ਪ੍ਰਬੰਧ ਦਾ ਹੀ ਫ਼ਾਰਸੀ ਅਨੁਵਾਦ ਹੈ।(ਸੌਭਾਗਿਆ ਵਰਧਨ ਬ੍ਰਹਿਸਪਤੀ, ਭਾਰਤੀਯ ਸੰਗੀਤ ਕੇ ਆਪਤਰਿਸ਼ਿ ਆਚਾਰਿਯ ਬ੍ਰਹਿਸਪਤੀ ਏਕ ਅਧਿਐਨ, ਪੰਨਾਂ-358) ਆਚਾਰਿਯ ਬ੍ਰਹਿਸਪਤੀ ਦੇ ਅਨੁਸਾਰ:

"ਮਾਨ ਸਿੰਘ ਤੋਮਰ ਨੇ 'ਧਰੁਵ' ਨਾਮਕ ਪ੍ਰਬੰਧ-ਭੇਦਾਂ ਨੂੰ ਆਪਣੇ ਯੁੱਗ ਦੀ ਲੋਕ ਭਾਸ਼ਾ ਦਾ ਰੂਪ ਦਿੱਤਾ। 'ਪਦ' ਸ਼ਬਦ ਦਾ ਅਰਥ ਸਾਰਥਕ ਸ਼ਬਦ ਸਮੂਹ ਜਾਂ ਭਾਸ਼ਾ ਹੈ। ਉਹ ਪਦ ਜੋ ਧਰੁਵ ਨਾਮਕ ਗੇਯ ਪ੍ਰਬੰਧਾਂ ਵਿੱਚ ਪ੍ਰਯੁਕਤ ਹੋਵੇ ਧਰੁਪਦ ਹੈ। ਇਸ ਤਰ੍ਹਾਂ ਧਰੁਪਦ ਸ਼ਬਦ 'ਧਰੁਵ' ਨਾਮ ਪ੍ਰਬੰਧਾਂ ਦੇ ਭਾਸ਼ਾ ਪੱਖ ਦਾ ਬੋਧਕ ਹੈ।" (ਸੌਭਾਗਿਆ ਵਰਧਨ ਬ੍ਰਹਿਸਪਤੀ, ਭਾਰਤੀਯ ਸੰਗੀਤ ਕੇ ਆਪਤਰਿਸ਼ਿ ਆਚਾਰਿਯ ਬ੍ਰਹਿਸਪਤੀ ਏਕ ਅਧਿਐਨ, ਪੰਨਾਂ-358)

ਧਰੁਪਦ ਉੱਤੇ ਖੇਤਰੀ ਭਾਸ਼ਾਵਾਂ ਦਾ ਬਹੁਤ ਪ੍ਰਭਾਵ ਪਿਆ। 15ਵੀਂ ਸਦੀ ਦੇ ਲਗਭਗ ਗਵਾਲੀਅਰ, ਆਗਰਾ, ਮਥੁਰਾ ਜਿਹੇ ਸਥਾਨਾਂ ਤੇ ਇਸ ਸ਼ੈਲੀ ਦਾ ਵਿਸ਼ੇਸ਼ ਪ੍ਰਚਲਨ ਰਿਹਾ। ਸਮਾਂ ਪਾ ਕੇ ਧਰੁਪਦ ਸ਼ੈਲੀ ਸਮਾਜ ਵਿੱਚ ਦੋ ਤਰ੍ਹਾਂ ਨਾਲ ਪ੍ਰਚਲਿਤ ਹੋਈ, ਮੰਦਰ ਧਰੁਪਦ ਤੇ ਦਰਬਾਰੀ ਧਰੁਪਦ। ਧਰੁਪਦ ਦਾ ਸਾਹਿਤ ਬੜਾ ਨਿੱਗਰ ਸੀ। ਧਰੁਪਦ ਪਹਿਲਾਂ ਪਹਿਲ ਮੰਦਰਾਂ ਵਿੱਚ ਹੀ ਗਾਏ ਜਾਂਦੇ ਸਨ। ਬਦਲਦੀਆਂ ਪਰਸਥਿਤੀਆਂ ਅਨੁਸਾਰ ਸਮਾਂ ਪਾ ਕੇ ਧਰੁਪਦ ਰਾਜ ਦਰਬਾਰਾਂ ਵਿੱਚ ਪ੍ਰਵੇਸ਼ ਕਰ ਗਿਆ। ਸ਼੍ਰੀ ਅਮਰੇਸ਼ਚੰਦਰ ਚੌਬੇ ਦਾ ਵਿਚਾਰ ਹੈ ਕਿ "ਆਰੰਭ ਵਿੱਚ ਮੰਦਿਰਾਂ ਵਿੱਚ ਸਤੁਤੀ ਅਤੇ ਕੀਰਤਨ ਦਾ ਗਾਇਨ ਸੰਸਕ੍ਰਿਤ ਭਾਸ਼ਾ ਵਿੱਚ ਹੁੰਦਾ ਸੀ। ਦੇਸ਼ੀ, ਪ੍ਰਾਕ੍ਰਿਤ ਭਾਸ਼ਾਵਾਂ ਦੇ ਪ੍ਰਚਾਰ ਹੋਣ ਨਾਲ ਇਨ੍ਹਾਂ ਭਾਸ਼ਾਵਾਂ ਦਾ ਪ੍ਰਯੋਗ ਭਗਤੀ ਗਾਇਨ ਲਈ ਵੀ ਹੋਣ ਲੱਗਿਆ ਅਤੇ ਇਨ੍ਹਾਂ ਭਗਤੀ ਗੀਤਾਂ ਨੂੰ ਧਰੁਪਦ ਕਿਹਾ ਗਿਆ। ਕਲਾਤਮਕ ਹੁੰਦੇ ਹੋਏ ਵੀ ਇਨ੍ਹਾਂ ਧਰੁਪਦਾਂ ਨੂੰ ਈਸ਼ਵਰ ਉਪਾਸਨਾ ਦਾ ਇਕ ਸਾਧਨ ਮੰਨ ਕੇ ਪ੍ਰਯੋਗ ਕੀਤਾ ਜਾਂਦਾ ਸੀ। ਰਾਜ-ਦਰਬਾਰਾਂ ਵਿੱਚ ਧਰੁਪਦ ਗਾਇਨ ਆਰੰਭ ਹੋਣ ਨਾਲ ਇਹਨਾਂ ਦੀ ਰਚਨਾ ਲੌਕਿਕ ਵਿਸ਼ਿਆਂ ਨੂੰ ਲੈ ਕੇ ਵੀ ਹੋਈ।"(ਅਮਰੇਸ਼ਚੰਦਰ ਚੌਬੇ, ਗੀਤ ਵਾਦਯ ਪ੍ਰਬੰਧੋਂ ਮੇ ਰਚਨਾਤਮਕ ਸੌਂਦਰਯ-(**Commemoration Volume in honour of Dr.S.N. Ratan Jankar-1961** ਵਿੱਚ ਪ੍ਰਕਾਸ਼ਿਤ ਲੇਖ), ਪੰਨਾ-75-76)

12ਵੀਂ ਸਦੀ ਦੇ ਅੰਤਿਮ ਦਹਾਕਿਆਂ ਵਿੱਚ ਭਾਰਤ ਵਿੱਚ ਮੁਸਲਮਾਨ ਸ਼ਾਸਕਾਂ ਦਾ ਰਾਜ ਸਥਾਪਿਤ ਹੋਇਆ ਅਤੇ ਮੁਸਲਿਮ ਸੰਸਕ੍ਰਿਤੀ ਦਾ ਪ੍ਰਭਾਵ ਭਾਰਤੀ ਸੰਸਕ੍ਰਿਤੀ ਤੇ ਪਿਆ। ਇਸ ਦੇ ਸਦਕਾ ਹੀ ਧਰੁਪਦ ਦੀ ਭਾਸ਼ਾ ਵਿੱਚ ਪਰਿਵਰਤਨ ਆਇਆ। ਸੰਸਕ੍ਰਿਤ ਦਾ ਪ੍ਰਭਾਵ ਘਟਿਆ ਅਤੇ ਇਸ ਦੀ ਜਗ੍ਹਾ ਬ੍ਰਜ ਭਾਸ਼ਾ ਨੇ ਲੈ ਲਈ। ਇਸ ਪਰਸਥਿਤੀ ਦਾ ਪਰਿਣਾਮ ਇਹ ਹੋਇਆ ਕਿ ਬ੍ਰਜ ਭਾਸ਼ਾ-ਕਾਵਿ ਦੇ ਲੌਕਿਕ ਵਿਸ਼ੇ ਹੀ ਧਰੁਪਦ ਦੇ ਵੀ ਵਿਸ਼ੇ ਹੋ ਗਏ।( ਸੌਭਾਗਿਆ ਵਰਧਨ ਬ੍ਰਹਿਸਪਤੀ, ਭਾਰਤੀਯ ਸੰਗੀਤ ਕੇ ਆਪਤਰਿਸ਼ਿ ਆਚਾਰਿਯ ਬ੍ਰਹਿਸਪਤੀ ਏਕ ਅਧਿਐਨ, ਪੰਨਾ-359) ਭਾਰਤੀ ਸ਼ਾਸਤਰੀ ਸੰਗੀਤ ਵਿੱਚ ਧਰੁਪਦ ਲਗਭਗ 500 ਸਾਲਾਂ ਤੱਕ ਪ੍ਰਚਲਿਤ ਰਿਹਾ। ਇੰਨੇ ਲੰਬੇ ਸਮੇਂ ਤੱਕ ਪ੍ਰਚਲਿਤ ਰਹੀ ਗਾਇਨ ਸ਼ੈਲੀ ਤੇ ਸਮਾਜਿਕ ਤੇ ਰਾਜਨੀਤਿਕ ਪਰਿਵਰਤਨ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ।

ਵਰਤਮਾਨ ਸਮੇਂ ਦੀ ਮੁੱਖ ਗਾਇਨ ਸ਼ੈਲੀ 'ਖ਼ਿਆਲ' ਦੇ ਵੀ ਭਾਸ਼ਾ ਦੇ ਪੱਖੋਂ ਅਨੇਕ ਅਰਥ ਹਨ।'ਖ਼ਿਆਲ' ਅਰਬੀ ਤੇ ਫ਼ਾਰਸੀ ਭਾਸ਼ਾ ਦਾ ਸ਼ਬਦ ਮੰਨਿਆ ਗਿਆ ਜਿਸ ਦੇ ਵੱਖ-ਵੱਖ ਸ਼ਬਦ ਕੋਸ਼ਾਂ ਵਿੱਚ ਅਨੇਕ ਅਰਥ ਲਏ ਗਏ ਹਨ। ਭਾਸ਼ਾ ਸ਼ਬਦਕੋਸ਼ ਅਨੁਸਾਰ ਖ਼ਿਆਲ ਦਾ ਅਰਥ- ਧਿਆਨ, ਵਿਚਾਰ, ਕਲਪਨਾ,

ਭਾਵ, ਯਾਦ, ਆਦਿ ਹੈ।( ਡਾ. ਰਾਮਚੰਦਰ ਸ਼ੁਕਲ ਰਸਾਲ, ਭਾਸ਼ਾ ਸ਼ਬਦ ਕੋਸ਼, ਭਾਗ (ਕ), ਪੰਨਾ-446) ਖ਼ਿਆਲ ਨੂੰ ਅਸੀਂ ਪੂਰਨ ਰੂਪ ਵਿੱਚ ਕਲਪਨਾ ਹੀ ਸਮਝਦੇ ਹਾਂ ਕਿਉਂਕਿ ਹਰ ਕਲਾ ਵਿੱਚ ਕਲਪਨਾ ਦਾ ਵਧੇਰੇ ਮਹੱਤਵ ਹੁੰਦਾ ਹੈ। ਖ਼ਿਆਲ ਗਾਇਨ ਨੂੰ ਦੋ ਪੜਾਵਾਂ 1) ਵਿਲੰਬਿਤ ਖ਼ਿਆਲ ਅਤੇ 2) ਦਰੁੱਤ ਖ਼ਿਆਲ ਵਿੱਚ ਗਾਇਆ ਜਾਂਦਾ ਹੈ। ਦੋਨਾਂ ਦਾ ਮੁੱਖ ਅਧਾਰ ਬੰਦਿਸ਼ ਹੁੰਦੀ ਹੈ। ਪਿਛਲੇ ਲਗਭਗ 300 ਸਾਲਾਂ ਤੋਂ ਹਿੰਦੁਸਤਾਨੀ ਸੰਗੀਤ ਵਿੱਚ ਅਨੇਕ ਵਾਗੇਯਕਾਰਾਂ ਦੁਆਰਾ ਖ਼ਿਆਲ ਦੀਆਂ ਬੰਦਿਸ਼ਾਂ ਰਚੀਆਂ ਗਈਆਂ। ਇਹਨਾਂ ਬੰਦਿਸ਼ਾਂ ਦੀ ਮੁੱਖ ਭਾਸ਼ਾ ਬ੍ਰਜ ਭਾਸ਼ਾ ਹੀ ਰਹੀ ਪਰੰਤੂ ਨਾਲ-ਨਾਲ ਹੀ ਪੰਜਾਬੀ, ਰਾਜਸਥਾਨੀ, ਗੁਜਰਾਤੀ ਤੇ ਹਿੰਦੀ ਦੀਆਂ ਉਪਭਾਸ਼ਾਵਾਂ ਜਿਵੇਂ ਅਵਧੀ, ਭੋਜਪੁਰੀ, ਖੜੀ ਬੋਲੀ ਆਦਿ ਵਿੱਚ ਵੀ ਅਨੇਕ ਬੰਦਿਸ਼ਾਂ ਰਚੀਆਂ ਗਈਆਂ।

ਬ੍ਰਜ ਭਾਸ਼ਾ ਤੇ ਹਿੰਦੁਸਤਾਨੀ ਸੰਗੀਤ ਦਾ ਆਪਸ ਵਿੱਚ ਕਾਫ਼ੀ ਸਮੇਂ ਤੱਕ ਬਹੁਤ ਗੂੜ੍ਹਾ ਸੰਬੰਧ ਰਿਹਾ। 16ਵੀਂ ਸਦੀ ਦੇ ਧਰੁਪਦ ਯੁੱਗ ਤੋਂ ਆਧੁਨਿਕ ਯੁੱਗ ਤੱਕ ਬ੍ਰਜਭਾਸ਼ਾ ਦਾ ਖੇਤਰ ਹਿੰਦੁਸਤਾਨੀ ਸੰਗੀਤ ਦਾ ਖੇਤਰ ਰਿਹਾ। ਹਿੰਦੁਸਤਾਨੀ ਸੰਗੀਤ ਦੀਆਂ ਰਚਨਾਵਾਂ ਲਈ ਇਸ ਤੋਂ ਜ਼ਿਆਦਾ ਮਧੁਰ ਤੇ ਭਾਵੁਕ ਭਾਸ਼ਾ ਹੋਰ ਕੋਈ ਨਹੀਂ ਹੋ ਸਕਦੀ। ਇਸ ਮਤ ਦੀ ਪ੍ਰੋੜ੍ਹਤਾ ਡਾ. ਸੁਸ਼ੀਲ ਕੁਮਾਰ ਚੌਬੇ ਇਸ ਪ੍ਰਕਾਰ ਕਰਦੇ ਹਨ "ਸੰਗੀਤ ਰਾਜ-ਦਰਬਾਰਾਂ ਤੋਂ ਨਿਕਲ ਕੇ ਜਦੋਂ ਬਾਹਰ ਆਇਆ ਤਾਂ ਇਸ ਨੇ ਇਸੇ ਭਾਸ਼ਾ ਨੂੰ ਆਪਣੇ ਵਿਚਾਰਾਂ, ਭਾਵਾਂ ਅਤੇ ਕੋਮਲ ਭਾਵਨਾਵਾਂ ਨੂੰ ਵਿਅਕਤ ਕਰਨ ਲਈ ਚੁਣਿਆ। ਹੌਲੀ-ਹੌਲੀ ਸੰਸਕ੍ਰਿਤ ਜਿਹੀ ਮਹਾਨ ਦੇਵਬਾਣੀ ਦੀ ਥਾਂ ਬ੍ਰਜਭਾਸ਼ਾ ਨੇ ਲੈ ਲਈ ਜੋ ਆਮ ਲੋਕਾਂ ਦੀ ਲੋਕਪ੍ਰਿਯ ਤੇ ਸਰਵਪ੍ਰਿਯ ਭਾਸ਼ਾ ਸੀ।"(ਡਾ. ਸੁਸ਼ੀਲ ਕੁਮਾਰ ਚੌਬੇ, ਹਮਾਰਾ ਆਧੁਨਿਕ ਸੰਗੀਤ, ਪੰਨਾ-79)

ਡਾ. ਸੁਸ਼ੀਲ ਕੁਮਾਰ ਚੌਬੇ ਅਨੁਸਾਰ, "ਇਸ ਲਈ ਬ੍ਰਜ ਭਾਸ਼ਾ ਹੀ ਆਧੁਨਿਕ ਹਿੰਦੁਸਤਾਨੀ ਸੰਗੀਤ ਦੇ ਲਈ ਸਭ ਤੋਂ ਵਧੇਰੇ ਉਪਯੁਕਤ ਭਾਸ਼ਾ ਸਾਬਿਤ ਹੋਈ। ਗਾਇਕਾਂ ਨੇ ਆਪਣੀਆਂ ਰਚਨਾਵਾਂ ਦੇ ਵਿਸ਼ੇ ਵਿੱਚ ਬ੍ਰਜ ਭਾਸ਼ਾ ਦੀ ਇਸ ਅਦਭੁੱਤ ਸ਼ਕਤੀ ਨੂੰ ਪਹਿਚਾਣ ਲਿਆ। ਇਹ ਕੋਈ ਮਾਮੂਲੀ ਗੱਲ ਨਹੀਂ ਸੀ ਕਿ ਹਰੀਦਾਸ ਸਵਾਮੀ-ਤਾਨਸੇਨ ਧਰੁਪਦ ਪ੍ਰੰਪਰਾ ਨੇ ਬ੍ਰਜਭਾਸ਼ਾ ਨੂੰ ਹੀ ਅਪਣਾਇਆ।" ( ਡਾ. ਸੁਸ਼ੀਲ ਕੁਮਾਰ ਚੌਬੇ, ਹਮਾਰਾ ਆਧੁਨਿਕ ਸੰਗੀਤ, ਪੰਨਾ-79-80.)

ਹਿੰਦੁਸਤਾਨੀ ਸੰਗੀਤ ਦੀਆਂ ਸੈਂਕੜੇ ਰਚਨਾਵਾਂ ਬ੍ਰਜਭਾਸ਼ਾ ਵਿੱਚ ਹੀ ਰਚੀਆਂ ਗਈਆਂ। ਖ਼ਿਆਲ ਦੇ ਨਿਕਾਸ ਅਤੇ ਵਿਕਾਸ ਵਿੱਚ ਪ੍ਰਦੇਸ਼ਿਕ ਸੰਸਕ੍ਰਿਤੀਆਂ ਦਾ ਬਹੁਤ ਯੋਗਦਾਨ ਰਿਹਾ। ਖ਼ਿਆਲ ਦੀ ਭਾਸ਼ਾ ਅਤੇ ਇਸ ਦੇ ਵਿਸ਼ਾ-ਵਸਤੂ ਉਤੇ ਖੇਤਰੀ ਪ੍ਰਭਾਵ ਜ਼ਿਆਦਾ ਪਿਆ ਕਿਉਂਕਿ ਇਹਨਾਂ ਦਾ ਵਿਕਾਸ ਖੇਤਰ ਮੱਧ ਭਾਰਤ ਜਾਂ ਉੱਤਰ ਭਾਰਤ ਜ਼ਿਆਦਾ ਰਿਹਾ। ਖ਼ਿਆਲ ਦੇ ਵਿਸ਼ਿਆਂ ਵਿੱਚ ਵਿਵਿਧਤਾ ਆ ਗਈ। ਅਧਿਆਤਮਕ ਤੋਂ ਲੈ ਕੇ ਸ਼ਿੰਗਾਰ ਤੱਕ, ਨੀਤੀਗਤ ਵਿਸ਼ਿਆਂ ਤੋਂ ਲੈ ਕੇ ਦਰਸ਼ਨ ਤੱਕ ਇਸ ਦੇ ਵਿਸ਼ੇ ਬਣੇ।

ਇਸ ਸ਼ੈਲੀ ਦਾ ਵਿਕਾਸ ਮੁਸਲਿਮ ਕਾਲ ਵਿੱਚ ਹੋਇਆ ਜਦੋਂ ਪੂਰੇ ਭਾਰਤ ਵਿੱਚ ਅਰਬੀ ਸ਼ਬਦਾਵਲੀ ਮਿਸ਼ਰਿਤ ਫ਼ਾਰਸੀ ਦਾ ਬੋਲ-ਬਾਲਾ ਸੀ। ਇਸ ਦਾ ਵਿਕਾਸ ਮੁਸਲਿਮ ਸ਼ਾਹੀ ਦਰਬਾਰਾਂ ਵਿੱਚ ਹੋਇਆ ਅਤੇ ਮੁਸਲਿਮ ਕਲਾਕਾਰਾਂ ਦੇ ਦੁਆਰਾ ਹੀ ਇਸ ਨੂੰ ਮਨੋਹਾਰੀ ਸਵਰੂਪ ਪ੍ਰਾਪਤ ਹੋਇਆ ਤਾਂ ਫਿਰ ਖ਼ਿਆਲ ਨਾਮਕਰਣ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਹ ਸ਼ਬਦ ਭਾਵੇਂ ਹੀ ਵਿਦੇਸ਼ੀ ਹੋਵੇ, ਪਰ ਭਾਰਤੀ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਵਿੱਚ ਇੰਨਾ ਰਚ-ਮਿਚ ਗਿਆ ਕਿ ਇਸ ਦੇ ਸਥਾਨ ਤੇ ਕਿਸੇ ਵੀ ਸੰਸਕ੍ਰਿਤ ਜਾਂ ਹਿੰਦੀ ਸ਼ਬਦ ਨੂੰ ਵਿਵਹਾਰ ਵਿੱਚ ਲਿਆਉਣਾ ਅਸੰਭਵ ਹੈ।" ( ਡਾ. ਗੀਤਾ ਪੈਂਤਲ, ਡਾ. ਅਜੀਤ ਸਿੰਘ ਪੈਂਤਲ, ਪੰਜਾਬੀ ਭਾਸ਼ਾ ਮੇਂ ਖ਼ਿਆਲ ਕੀ ਪਾਰੰਪਰਿਕ ਬੰਦਿਸ਼ੇਂ, ਪੰਨਾ-1)

ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਸਦਾਰੰਗ ਤੇ ਅਦਾਰੰਗ ਨੇ ਖ਼ਿਆਲ ਦੀਆਂ ਬੰਦਿਸ਼ਾਂ ਵਿੱਚ ਰਚਨਾ ਪੱਖੋਂ ਸਭ ਤੋਂ ਵਧੇਰੇ ਯੋਗਦਾਨ ਪਾਇਆ। ਇਨ੍ਹਾਂ ਦੀਆਂ ਰਚਨਾਵਾਂ ਦੀ ਭਾਸ਼ਾ ਬ੍ਰਜ, ਅਵਧੀ, ਭੋਜਪੁਰੀ, ਫ਼ਾਰਸੀ, ਉਰਦੂ ਤੇ ਪੰਜਾਬੀ ਸੀ। ਬੰਦਿਸ਼ਾਂ ਦੀ ਰਚਨਾ ਵਿੱਚ ਬ੍ਰਜਭਾਸ਼ਾ ਨੇ ਆਪਣਾ ਭਰਪੂਰ ਯੋਗਦਾਨ ਪਾਇਆ।

ਮੱਧ ਕਾਲ ਵਿੱਚ ਬ੍ਰਜਭਾਸ਼ਾ ਨਾ ਕੇਵਲ ਕਾਵਿ ਭਾਸ਼ਾ ਬਣੀ ਸਗੋਂ ਸੰਗੀਤ ਦੀ ਭਾਸ਼ਾ ਬਣ ਗਈ ਤੇ ਇਸਦਾ ਖੇਤਰ ਇੰਨਾ ਵਿਸ਼ਾਲ ਹੋ ਗਿਆ ਜਿਵੇਂ ਸੰਗੀਤ ਦੀ ਸੁਵਿਧਾ ਦੇ ਲਈ ਹੀ ਇਸ ਦਾ ਜਨਮ ਹੋਇਆ ਹੋਵੇ। ਵੱਖ-ਵੱਖ ਖੇਤਰੀ ਭਾਸ਼ਾਂਵਾਂ ਵਿੱਚ ਖ਼ਿਆਲ ਦੀ ਰਚਨਾ ਹੋਣ ਨਾਲ ਖ਼ਿਆਲ ਦੇ ਸਾਹਿਤ ਵਿੱਚ ਪਰਿਵਰਤਨ ਆਇਆ।

ਵੀ.ਵੀ. ਦੇਸ਼ਪਾਂਡੇ ਸਾਹਿਤ ਅਤੇ ਸੰਗੀਤ ਦੇ ਗਹਿਰੇ ਰਿਸ਼ਤੇ ਨੂੰ ਦਰਸਾਉਂਦੇ ਹੋਏ ਲਿਖਦੇ ਹਨ, "ਅਧਿਆਤਮਕ, ਇਤਿਹਾਸਕ, ਸਾਹਿਤਕ ਤੇ ਸੰਗੀਤਕ ਦ੍ਰਿਸ਼ਟੀ ਤੋਂ ਸੰਗੀਤ ਤੇ ਸਾਹਿਤ ਇਕ ਹੀ ਪ੍ਰਕ੍ਰਿਤੀ ਦੇ ਦੋ ਰੂਪ ਹਨ। " (ਵੀ.ਵੀ. ਦੇਸ਼ਪਾਂਡੇ, "ਸੰਗੀਤ ਔਰ ਸਾਹਿਤਯ", ਸੰਗੀਤ ਕਲਾ ਵਿਹਾਰ, ਜਨਵਰੀ 1971, ਪੰਨਾ-10)

ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖ਼ਿਆਲ ਸ਼ੈਲੀ ਨੂੰ ਦੇਣ

ਖ਼ਿਆਲ ਸ਼ੈਲੀ ਵਿੱਚ ਬ੍ਰਜਭਾਸ਼ਾ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਵਧੇਰੇ ਪ੍ਰਯੋਗ ਹੋਇਆ। ਖ਼ਿਆਲ ਦੀਆਂ ਪੰਜਾਬੀ ਭਾਸ਼ਾਈ ਬੰਦਿਸ਼ਾਂ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਇਕ ਅਹਿਮ ਹਿੱਸਾ ਹਨ। ਪੰਜਾਬ ਦੇ ਖਿੱਤੇ ਵਿੱਚ ਵਿਕਸਿਤ ਹੋਣ ਵਾਲੀਆਂ ਇਨ੍ਹਾਂ ਬੰਦਿਸ਼ਾਂ ਨੂੰ ਪੂਰੇ ਹਿੰਦੁਸਤਾਨ ਵਿੱਚ ਮਾਨਤਾ ਪ੍ਰਾਪਤ ਹੋਈ। ਇਨ੍ਹਾਂ ਬੰਦਿਸ਼ਾਂ ਵਿੱਚ ਦੂਜੀਆਂ ਬੰਦਿਸ਼ਾਂ ਨਾਲੋਂ ਰਾਗ-ਤਾਲ ਜਾਂ ਸੁਰ ਪੱਖੋਂ ਕੋਈ ਵਿਸ਼ੇਸ਼ ਅੰਤਰ ਨਹੀਂ ਪਰ ਇਹਨਾਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਜੀਵਨ-ਜਾਚ ਜ਼ਰੂਰ ਨਜ਼ਰ ਆਉਂਦੀ ਹੈ।

ਭਾਰਤੀ ਸ਼ਾਸਤਰੀ ਗਾਇਨ ਰਚਨਾ ਦੇ ਗੁਣਾਂ ਨੂੰ ਛੰਦ ਬੱਧ ਕਾਵਿ ਬੋਲਾਂ ਦੁਆਰਾ ਭਾਵਾਤਮਕ ਸਰੂਪ ਪ੍ਰਦਾਨ ਕੀਤਾ ਜਾਂਦਾ ਹੈ। ਭਾਰਤੀ ਪਰੰਪਰਾ ਵਿੱਚ ਕਾਵਿ ਤੇ ਸੰਗੀਤ ਦਾ ਸੰਬੰਧ ਪੁਰਾਤਨ ਹੈ। ਦੋਵਾਂ ਦਾ ਆਧਾਰ ਸੁਰ ਤੇ ਭਾਸ਼ਾ ਹੈ ਜਿਨ੍ਹਾਂ ਦੀ ਮੂਲ ਨਾਦਾਤਮਕ ਸਾਂਝ ਨੂੰ ਵਿਦਵਾਨਾਂ ਨੇ ਅਧਿਐਨ ਤੇ ਵਿਚਾਰ ਦਾ ਵਿਸ਼ਾ ਬਣਾਇਆ ਹੈ। ਜੇਕਰ ਪੰਜਾਬੀ ਬੰਦਿਸ਼ਾਂ ਨੂੰ ਪੰਜਾਬੀ ਸਾਹਿਤ ਦੇ ਪੱਖ ਤੋਂ ਦੇਖੀਏ ਤਾਂ ਇਨ੍ਹਾਂ ਵਿਚੋਂ ਪੰਜਾਬੀ ਕਾਵਿ ਦੀ ਅਮੀਰ ਪਰੰਪਰਾ ਦੀ ਝਲਕ ਦਿਖਾਈ ਦਿੰਦੀ ਹੈ। ਇਹਨਾਂ ਬੰਦਿਸ਼ਾਂ ਵਿੱਚ ਜਿਸ ਪੰਜਾਬੀ ਸਾਹਿਤ ਦਾ ਪ੍ਰਯੋਗ ਹੋਇਆ ਉਸ ਵਿੱਚ ਸੂਫ਼ੀ ਸਾਹਿਤ ਦਾ ਪ੍ਰਭਾਵ ਵਧੇਰੇ ਝਲਕਦਾ ਹੈ। ਸਾਹਿਤ ਉੱਤੇ ਬੰਦਿਸ਼ ਦਾ ਸੌਂਦਰਯ ਕਾਫ਼ੀ ਹੱਦ ਤੱਕ ਨਿਰਭਰ ਰਹਿੰਦਾ ਹੈ। ਇਹ ਵੀ ਇਕ ਮਹੱਤਵਪੂਰਨ ਗੱਲ ਹੈ ਕਿ ਆਰੰਭ ਤੋਂ ਹੀ ਪੰਜਾਬੀ ਵਿੱਚ ਸਾਹਿਤ ਤੇ ਸੰਗੀਤ ਇਕ ਦੂਜੇ ਦਾ ਸਹਾਰਾ ਲੈਂਦੇ ਹੋਏ ਅੱਗੇ ਵਧੇ ਹਨ। ਹਿੰਦੁਸਤਾਨ ਦੇ ਗਾਇਕਾਂ ਨੇ ਸੂਫ਼ੀ ਅਧਿਆਤਮਵਾਦ ਦੇ ਮਤ ਦਾ ਆਪਣੀ ਰਚਨਾਵਾਂ ਵਿੱਚ ਪਾਲਣ ਕਰਦੇ ਹੋਏ ਉਨ੍ਹਾਂ ਨੂੰ ਗਾਇਨ ਦੁਆਰਾ ਪ੍ਰਚੱਲਿਤ ਕੀਤਾ।

ਪੰਜਾਬੀ ਦੀਆਂ ਸਾਰੀਆਂ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿੱਚ ਪੋਠੋਹਾਰੀ, ਮਾਝੀ, ਦੁਆਬੀ, ਲਹਿੰਦੀ ਜਾਂ ਮੁਲਤਾਨੀ ਭਾਸ਼ਾਵਾਂ ਕਾਵਿ ਦੇ ਖੇਤਰ ਵਿੱਚ ਵਧੇਰੇ ਲੋਕਪ੍ਰਿਯ ਹੋਈਆਂ। ਜੇਕਰ ਇਹਨਾਂ ਬੰਦਿਸ਼ਾਂ ਦੇ ਸੰਗੀਤਿਕ ਪੱਖ ਦੀ ਗੱਲ ਕਰੀਏ ਤਾਂ ਇਹਨਾਂ ਬੰਦਿਸ਼ਾਂ ਵਿੱਚ ਰਾਗ, ਤਾਲ ਅਤੇ ਸੁਰਾਂਵਲੀਆਂ ਪੱਖੋਂ ਹੋਰ ਬੰਦਿਸ਼ਾਂ ਨਾਲੋਂ ਕੋਈ ਵਿਸ਼ੇਸ਼ ਫ਼ਰਕ ਨਹੀਂ ਪਰ ਭਾਸ਼ਾ ਦੀ ਭਿੰਨਤਾ ਆਮ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹਨਾਂ ਬੰਦਿਸ਼ਾਂ ਦੀ ਰਚਨਾ ਪੰਜਾਬੀ ਭਾਸ਼ਾ ਵਿੱਚ ਹੋਣ ਕਰਕੇ ਇਹਨਾਂ ਵਿੱਚ ਪੰਜਾਬੀ ਸੱਭਿਆਚਾਰ ਦੇ ਪਹਿਲੂ ਉਜਾਗਰ ਹੁੰਦੇ ਹਨ। ਉਦਾਹਰਨ ਵਜੋਂ ਹੇਠ ਲਿਖੀ ਬੰਦਿਸ਼ ਪੰਜਾਬ ਦਾ ਸਭਿਆਚਾਰਕ ਪੱਖ ਪੂਰਦੀ ਨਜ਼ਰ ਆਉਂਦੀ ਹੈ:

ਸਥਾਈ: ਜਿੰਦ ਜਾਨ ਤੁਸਾਂ ਤੋਂ ਘੋਲੀ ਨੀ
ਬਾਬਲ ਵਿਆਹੀਓ ਨੀ ਭਰਜਾਈਓ
ਅੰਤਰਾ: ਏ ਬਾਗੀ ਅੱਜ ਵਗਣ ਵਰੋਲੇ
ਉੱਡਣ ਲੱਗੇ ਪਏ ਗੁੱਡੀਆਂ ਪਟੋਲੇ
ਖੇਡਣ ਦਾ ਮੈਨੂੰ ਚਾਅ ਵੀ ਨਾ ਲੱਥਣਾ ਪਿਆ ਵਿਛੋੜਾ ਝੋਲੀ ਨੀ। (

ਡਾ. ਗੁਰਨਾਮ ਸਿੰਘ, ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਿਸ਼ਾਂ, ਪੰਨਾ-33)

ਇਸ ਪ੍ਰਕਾਰ ਇਹਨਾਂ ਪੰਜਾਬੀ ਬੰਦਿਸ਼ਾਂ ਦਾ ਚੌਗਿਰਦਾ ਨਿਰੋਲ ਪੰਜਾਬੀ ਜਨ-ਜੀਵਨ ਤੇ ਸਭਿਆਚਾਰ ਹੈ। ਸਿੱਟੇ ਵਜੋਂ ਇਹ ਪੰਜਾਬੀ ਬੰਦਿਸ਼ਾਂ ਵਿਸ਼ੇਸ਼ ਪ੍ਰਦੇਸ਼ਿਕ ਭਾਸ਼ਾ ਵਿੱਚ ਰਚਿਤ ਹੋਣ ਕਰਕੇ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹਨਾਂ ਬੰਦਿਸ਼ਾਂ ਵਿੱਚ ਹੀਰ-ਰਾਂਝੇ ਨੂੰ ਪੰਜਾਬੀ ਸਭਿਆਚਾਰ ਦੇ ਪ੍ਰਤੀਕਾਂ ਤੇ ਲੱਛਣਾਂ ਵਜੋਂ ਵਰਤਿਆ ਗਿਆ ਉੱਥੇ ਨਾਲ ਹੀ ਅਧਿਆਤਮਕ ਇਸ਼ਕ ਨੂੰ ਵਿਅਕਤ ਕੀਤਾ ਗਿਆ। ਜੇ ਅਸੀਂ ਇਹਨਾਂ ਪੰਜਾਬੀ ਬੰਦਿਸ਼ਾਂ ਦੇ ਪ੍ਰਸਤੁਤੀ ਪੱਖ ਤੇ ਨਜ਼ਰ ਮਾਰੀਏ ਤਾਂ ਭਾਵ ਅਤੇ ਰਸ ਦੀ ਦ੍ਰਿਸ਼ਟੀ ਤੋਂ ਇਹਨਾਂ ਵਿੱਚ ਕੋਈ ਭਿੰਨਤਾ ਨਹੀਂ ਪਾਈ ਜਾਂਦੀ ਹਾਂ, ਪਰ ਇੰਨਾ ਜ਼ਰੂਰ ਕਹਿ ਸਕਦੇ ਹਾਂ ਕਿ ਇਹਨਾਂ ਦੀ ਕਾਵਿ ਰਚਨਾ ਪੰਜਾਬੀ ਵਿੱਚ ਹੋਣ ਕਰਕੇ ਇਹ ਪੰਜਾਬੀ ਸਰੋਤਿਆਂ ਵਿੱਚ ਵਧੇਰੇ ਭਾਵ, ਸੌਂਦਰਯ ਜਾਂ ਸੁਹਜ ਉਤਪੰਨ ਕਰਨ ਦੇ ਸਮਰੱਥ ਹੁੰਦੀਆਂ ਹਨ।ਪੰਜਾਬੀ ਭਾਸ਼ਾਈ ਬੰਦਿਸ਼ਾਂ ਦੀ ਰਚਨਾ ਵਿੱਚ ਵਰਤਿਆ ਗਿਆ ਕਾਵਿ ਜਾਂ ਸਾਹਿਤ ਸ਼ਿੰਗਾਰਿਕਤਾ ਦੇ ਨਾਲ-ਨਾਲ ਅਧਿਆਤਮਿਕਤਾ ਦਾ ਅਹਿਸਾਸ ਕਰਵਾਉਂਦਾ ਹੈ। ਸਿੱਟੇ ਵਜੋਂ ਇਹਨਾਂ ਬੰਦਿਸ਼ਾਂ ਦਾ ਪ੍ਰਭਾਵ ਹਮੇਸ਼ਾ ਪੰਜਬੀਅਤ ਵਾਲਾ ਰਹੇਗਾ ਚਾਹੇ ਉਹ ਰਚਨਾਤਮਕ ਪੱਖ ਹੋਵੇ ਜਾਂ ਫਿਰ ਸਾਹਿਤਿਕ, ਸੁਹਜਾਤਮਕ ਪੱਖ, ਇਹਨਾਂ ਦੀ ਪ੍ਰਸਤੁਤੀ ਸਮੇਂ ਪੰਜਾਬੀਅਤ ਹਾਵੀ ਰਹੇਗੀ। ਪੰਜਾਬੀ ਸੰਗੀਤਕਾਰਾਂ ਨੇ ਆਪਣੇ ਮਨ ਦੇ ਵਲਵਲਿਆਂ ਨੂੰ ਆਪਣੀ ਭਾਸ਼ਾ ਰਾਹੀਂ ਖ਼ਿਆਲ ਬੰਦਿਸ਼ਾਂ ਵਿੱਚ ਸਾਕਾਰ ਕੀਤਾ। ਪੰਜਾਬੀ ਭਾਸ਼ਾਈ ਬੰਦਿਸ਼ਾਂ ਦਾ ਗਾਇਨ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਪ੍ਰਚਲਿਤ ਹੈ।

ਉਪਰੋਕਤ ਵਿਆਖਿਆ ਤੋਂ ਪਤਾ ਚਲਦਾ ਹੈ ਕਿ ਖ਼ਿਆਲ ਉੱਤਰ ਅਤੇ ਉੱਤਰ ਪੱਛਮੀ ਇਲਾਕਿਆਂ ਵਿੱਚ ਵਧੇਰੇ ਵਿਕਸਿਤ ਹੋਇਆ। ਇਸ ਲਈ ਉਥੋਂ ਦੀਆਂ ਸਥਾਨਕ ਭਾਸ਼ਾਵਾਂ ਦਾ ਪ੍ਰਭਾਵ ਇਸ ਸ਼ੈਲੀ ਤੇ ਪਿਆ। ਭਾਸ਼ਾ ਦਾ ਪ੍ਰਭਾਵ ਇਕੱਲੇ ਨਹੀਂ ਪੈਂਦਾ ਕਿਉਂਕਿ ਭਾਸ਼ਾ ਇੱਕ ਸਭਿਆਚਾਰ ਦੀ ਪ੍ਰਤਿਨਿੱਧਤਾ ਕਰ ਰਹੀ ਹੁੰਦੀ ਹੈ। ਇਸ ਲਈ ਉਸ ਸਭਿਆਚਾਰ ਤੇ ਜੀਵਨ ਸ਼ੈਲੀ ਦਾ ਪ੍ਰਭਾਵ ਨਾਲ ਹੀ ਕਲਾ 'ਤੇ ਪੈਂਦਾ ਹੈ।

## (ਸੰਦਰਭ ਗ੍ਰੰਥ ਸੂਚੀ)


ਅਰੁਣ, ਵਿਦਿਆ ਭਾਸਕਰ (ਪ੍ਰੋ.) - ਪੰਜਾਬੀ ਭਾਸ਼ਾ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਗੋਸਵਾਮੀ, ਸ਼ੇਲੇਂਦਰ ਕੁਮਾਰ - ਹਿੰਦੁਸਤਾਨੀ ਸੰਗੀਤ ਕੇ ਮਹਾਨ ਰਚਨਾਕਾਰ ਸਦਾਰੰਗ ਅਦਾਰੰਗ, ਕਨਿਸ਼ਕਾ ਪਬਲੀਸ਼ਰਜ਼, ਨਈ ਦਿੱਲੀ, 2001.

ਗੁਰਨਾਮ ਸਿੰਘ, (ਡਾ.) - ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਿਸ਼ਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਚੌਬੇ, ਸੁਸ਼ੀਲ ਕੁਮਾਰ (ਡਾ.) - ਹਮਾਰਾ ਆਧੁਨਿਕ ਸੰਗੀਤ, ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ, ਲਖਨਊ, 1983.

ਜੋਸ਼ੀ, ਉਮੇਸ਼ - ਭਾਰਤੀਯ ਸੰਗੀਤ ਕਾ ਇਤਿਹਾਸ, ਫੀਰੋਜ਼ਾਹਨ, ਮਾਨਸਰੋਵਰ ਸ: ਪ੍ਰਤਿਸ਼ਠਾਨ, 1984.

ਠਾਕੁਰ ਜੈਦੇਵ ਸਿੰਘ (ਡਾ.) - ਭਾਰਤੀਯ ਸੰਗੀਤ ਕਾ ਇਤਿਹਾਸ, ਸੰਗੀਤ ਰਿਸਰਚ ਅਕਾਦਮੀ, ਕਲਕੱਤਾ, 1994.

ਤਿਵਾਰੀ, ਭੋਲਾਨਾਥ (ਡਾ.) - ਹਿੰਦੀ ਭਾਸ਼ਾ, ਕਿਤਾਬ ਮਹਿਲ, ਇਲਾਹਾਬਾਦ, 1966.

ਪੈਂਤਲ, ਗੀਤਾ (ਡਾ.) ਪੰਜਾਬ ਕੀ ਸੰਗੀਤ ਪਰੰਪਰਾ, ਰਾਧਾ ਪਬਲੀਕੇਸ਼ਨਜ਼, ਨਈਂ ਦਿੱਲੀ, 1999.

ਪੈਂਤਲ, ਗੀਤਾ (ਡਾ.), ਪੈਂਤਲ, ਅਜੀਤ ਸਿੰਘ (ਡਾ.) - ਪੰਜਾਬੀ ਭਾਸ਼ਾ ਮੇਂ ਖ਼ਿਆਲ ਦੀ ਪਾਰੰਪਰਿਕ ਬੰਦਿਸ਼ੇਂ, ਸੰਜੈ ਪ੍ਰਕਾਸ਼ਨ, ਦਿੱਲੀ, 2004.

ਪਰਾਂਜਪੇ, ਸ਼੍ਰੀਧਰ ਸ਼ਰਚਚੰਦਰ - ਭਾਰਤੀਯ ਸੰਗੀਤ ਕਾ ਇਤਿਹਾਸ, ਚੌਖੰਬਾ ਵਿਦਿਆਭਵਨ ਵਾਰਾਣਸੀ, 1985.

ਬ੍ਰਿਹਿਸਪਤੀ, ਸੋਭਾਗਿਆ ਵਰਧਨ - ਭਾਰਤੀਯ ਸੰਗੀਤ ਕੇ ਆਪਤਰਿਸ਼ਿ ਆਚਾਰਿਯ ਬ੍ਰਿਹਿਸਪਤੀ ਏਕ ਅਧਿਐਨ, ਵਾਣੀ ਪ੍ਰਕਾਸ਼ਨ, ਨਈਂ ਦਿੱਲੀ, 2003.

ਭਾਤਖੰਡੇ, ਵਿਸ਼ਣੂਨਰਾਇਣ (ਪੰ.) - ਕ੍ਰਮਿਕ ਪੁਸਤਕ ਮਾਲਿਕਾ, (ਭਾਗ-5), ਸੰਗੀਤ ਕਾਰਯਾਲਿਆ, ਹਾਥਰਸ, 1983.

ਭਾਤਖੰਡੇ, ਵਿਸ਼ਣੂਨਰਾਇਣ (ਪੰ.) - ਕ੍ਰਮਿਕ ਪੁਸਤਕ ਮਾਲਿਕਾ, (ਭਾਗ-3), ਸੰਗੀਤ ਕਾਰਯਾਲਿਆ, ਹਾਥਰਸ, 1985.

ਰਾਜਪਾਲ, ਹੁਕਮਚੰਦ (ਡਾ.) - ਹਿੰਦੀ ਸਾਹਿਤਯ ਕਾ ਇਤਿਹਾਸ, ਡੀਸੈਂਟ ਪਬਲੀਸ਼ਰਜ਼, ਦਿੱਲੀ, 2006.

ਵਿਆਸ,ਕਿਸ਼ਣਾਨੰਦ - ਰਾਗਕਲਪਦ੍ਰਮ, ਵੰਗੀਯ ਸਾਹਿਤਯ ਪਰਿਸ਼ਦ, ਕਲਕੱਤਾ, 1914.

ਸਕਸੈਨਾ, ਮਧੁਬਾਲਾ - ਖ਼ਿਆਲ ਸ਼ੈਲੀ ਕਾ ਵਿਕਾਸ, ਵਿਸ਼ਾਲ ਪਬਲੀਕੇਸ਼ਨ, ਕੁਰਕਸ਼ੇਤਰ, 1985.

ਸੰਗੋਰਾਮ, ਸ੍ਰੀਰੰਗ (ਡਾ.), (ਸੰਪਾ.) - ਮੁਕਤ ਸੰਗੀਤ ਸੰਵਾਦ, ਗਾਨਵਰਧਨ ਸੰਸਥਾ, ਪੂਨੇ, 1995.

ਸ਼ਰਮਾ, ਸਵਤੰਤਰ - ਭਾਰਤੀਯ ਸੰਗੀਤ ਏਕ ਏਤਿਹਾਸਿਕ ਵਿਸ਼ਲੇਸ਼ਣ, ਟੀ.ਐਨ. ਭਾਰਗਵ ਐਂਡ ਸੰਨਜ਼, ਇਲਾਹਾਬਾਦ, 1988.

ਭਾਸ਼ਾ ਸ਼ਬਦ ਕੋਸ਼ ਸ਼ੁਕਲ, ਰਾਮਚੰਦਰ ਰਸਾਲ, (ਡਾ.) - ਰਾਮਨਰਾਇਣ ਲਾਲ ਬੇਨੀਪ੍ਰਸਾਦ, ਇਲਾਹਾਬਾਦ, 1962.

ਸੰਗੀਤ ਪੱਤ੍ਰਿਕਾਵਾਂ

ਸੰਗੀਤ ਕਲਾ ਵਿਹਾਰ, ਅਖਿਲ ਭਾਰਤੀਯ ਗੰਧਰਵ ਮਹਾਂਵਿਦਿਆਲਯ ਮੰਡਲ, ਮਿਰਜ਼.

Commemoration volume in honour of Dr. S.N. Ratanjankar, 1961.



ਖੋਜਾਰਥੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।

# ਗੁਰੂ ਨਾਨਕ ਦੇਵ ਜੀ ਦਾ ਕੀਰਤਨ ਪਰੰਪਰਾ ਵਿਚ ਯੋਗਦਾਨ

ਡਾ. ਜਤਿੰਦਰ ਕੌਰ

ਸਿੱਖ ਧਰਮ ਦੀ ਨੀਂਹ ਰੱਖਣ ਵਾਲੇ 'ਆਦਿ ਗੁਰੂ' ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਜਿਸ ਸਮੇਂ ਹੋਇਆ ਉਸ ਸਮੇਂ ਲੋਕਾਈ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਅਨੇਕ ਹਿੱਸਿਆਂ ਵਿਚ ਵੰਡੀ ਹੋਈ ਸੀ। ਹਰ ਇਕ ਬੰਦਾ ਆਪਣੇ-ਆਪਣੇ ਢੰਗ ਨਾਲ ਧਾਰਮਿਕ ਤੌਰ 'ਤੇ ਆਪਣੀ ਸ੍ਰੇਸ਼ਟਤਾ ਸਿੱਧ ਕਰਨ ਵਿਚ ਲੱਗਾ ਹੋਇਆ ਸੀ ਧਰਮ ਵਿਚ ਅਤਿ ਦਰਜੇ ਦੀ ਗਿਰਾਵਟ ਆ ਚੁੱਕੀ ਸੀ ਅਤੇ ਸਮਾਜ ਨੂੰ ਰਾਹ ਵਿਖਾਉਣ ਵਾਲੀਆਂ ਅਤੇ ਅਗਵਾਈ ਦੇਣ ਵਾਲੀਆਂ ਪ੍ਰਮੁੱਖ ਸ਼੍ਰੇਣੀਆਂ ਵਿਚ ਹਾਕਮ ਅਤੇ ਪੁਜਾਰੀ ਵਰਗ ਦੇ ਲੋਕ ਆਪਣੇ ਫਰਜਾਂ ਨੂੰ ਭੁੱਲ ਕੇ, ਆਪਣੇ ਸਵਾਰਥਾਂ ਨੂੰ ਮੁੱਖ ਰੱਖ ਕੇ ਲੋਕਾਈ ਨੂੰ ਗਿਆਨ ਅਤੇ ਇਨਸਾਫ ਦੀ ਅਗਿਆਨਤਾ ਅਤੇ ਅੰਧਕਾਰਮਈ ਰਾਹ ਵੱਲ ਧੱਕ ਰਹੇ ਸੀ। ਅਜਿਹੇ ਸੰਕਟਮਈ ਹਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਜਿਨ੍ਹਾਂ ਨੇ ਹਨੇਰੇ ਰਾਹਾਂ ਦੇ ਪਾਂਧੀ ਲੋਕਾਂ ਦੇ ਜੀਵਨ ਨੂੰ ਆਪਣੇ ਪ੍ਰਕਾਸ਼ ਨਾਲ ਰੌਸ਼ਨ ਕੀਤਾ।

ਗੁਰੂ ਨਾਨਕ ਦੇਵ ਜੀ ਦੇ ਨਾਲ ਭਗਤੀ ਸੰਗੀਤ ਦਾ ਇਕ ਨਵਾਂ ਯੁਗ ਆਰੰਭ ਹੁੰਦਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੀਰਤਨ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਸਾਰੀ ਉਮਰ ਆਪਣੀਆਂ ਸਿੱਖਿਆਵਾਂ ਅਤੇ ਉਪਦੇਸ਼ਾਂ ਨੂੰ ਸਾਧਾਰਣ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਦੇ ਜ਼ੋਰਦਾਰ ਮਾਧਿਅਮ ਦਾ ਸਹਾਰਾ ਲਿਆ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ ਨੂੰ ਸਭ ਤੋਂ ਪਹਿਲਾਂ ''ਆਸਾ ਦੀ ਵਾਰ'' ਬਾਣੀ ਨੂੰ ਇਕੱਤਰ ਕਰ ਕੇ ਕੀਰਤਨ ਦੇ ਰੂਪ ਵਿਚ ਉਸ ਦਾ ਗਾਇਨ ਆਰੰਭ ਕੀਤਾ।

ਇਨ੍ਹਾਂ ਦਾ ਜਨਮ 1469 ਈ. ਨੂੰ ਰਾਏ ਭੋਇ ਦੀ ਤਲਵੰਡੀ ਵਿਚ ਹੋਇਆ। ਇਨ੍ਹਾਂ ਦੇ ਪਿਤਾ ਮਹਿਤਾ ਕਾਲੂ ਬੇਦੀ ਅਤੇ ਮਾਤਾ ਤ੍ਰਿਪਤਾ ਸੀ। ਬੇਦੀ ਕੁਲ ਦਾ ਸੰਬੰਧ ਵੇਦਾ ਦੇ ਨਾਲ ਦੱਸਿਆ ਜਾਂਦਾ ਹੈ। ਇਸ ਵੰਸ਼ ਦੇ ਲੋਕ ਵੇਦਾਂ ਦੇ ਮਹਾਨ ਪ੍ਰਭਾਵਸ਼ਾਲੀ ਗਿਆਤਾ ਸਨ। ਉਨ੍ਹਾਂ ਨੇ ਬਹੁਤ ਘੱਟ ਸਮੇਂ ਵਿਚ ਹੀ ਸੰਸਕ੍ਰਿਤ, ਪਰਸ਼ੀਅਨ ਅਤੇ ਸਥਾਨਕ ਭਾਸ਼ਾਵਾਂ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕਰ ਲਈ ਸੀ।

ਵਿਸ਼ਵ ਦੀਆਂ ਮਹਾਨ ਦੈਵੀ ਸ਼ਕਤੀਆਂ ਕਾਲ ਦੁਆਰਾ ਪੈਦਾ ਹੁੰਦੀਆਂ ਹਨ। ਵਰਕਲੇ ਦੇ ਇਕ ਕਥਨ ਵਿਚ ਅਜਿਹਾ ਵਿਸ਼ਵ-ਵਿਆਪੀ ਅਤੇ ਸਰਬ-ਕਾਲੀਨ ਸੱਚ ਛੁਪਿਆ ਹੈ ਜਿਸ ਦਾ ਮਹਾਂਪੁਰਖਾਂ ਦੇ ਜੀਵਨ ਨਾਲ ਅਚਾਨਕ ਹੀ ਮਣੀ-ਸੋਨੇ ਦਾ ਸੰਯੋਗ ਵੇਖਣ ਨੂੰ ਮਿਲਦਾ ਹੈ। ਕਿਉਂਕਿ ਇਹ ਦੋ ਗੁਣ ਉਨ੍ਹਾਂ ਦੇ ਵਿਅਕਤਿਤਵ ਦੇ ਵਕਾਰ ਦੇ ਮਾਪਦੰਡ ਬਣੇ ਹੋਏ ਹਨ।[1]

ਜਿਸ ਯੁੱਗ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਸ ਸਮੇਂ ਧਰਮ ਅਧਰਮ ਵੱਲ ਵਧ ਚੁੱਕਿਆ ਸੀ ਅਤੇ ਇਸ ਅਧਰਮ ਦੀ ਅਵਸਥਾ ਦਾ ਜਨ-ਜੀਵਨ ਅਤੇ ਸਮਾਜ ਉਤੇ ਏਨਾ ਬੁਰਾ ਅਸਰ ਪਿਆ ਕਿ ਸਾਰਾ ਵਾਤਾਵਰਣ ਹੀ ਗੰਦਾ ਹੋ ਗਿਆ। ਅਧਰਮ ਦੀ ਇਸ ਸਥਿਤੀ ਨੂੰ ਠੀਕ ਕਰਨ ਵਾਸਤੇ ਸਮਾਜ ਤੋਂ ਹੀ ਧਰਮ ਪ੍ਰਚਾਰਕਾਂ ਦਾ ਇਕ ਦਲ ਉਠ ਖੜੋਤਾ। ਵੈਸ਼ਨਵ ਭਗਤ ਸਾਧਕਾਂ ਨੇ ਧਰਮ ਅਤੇ ਭਗਤੀ ਦੇ ਪਰੰਪਰਾਗਤ ਰੂਪ ਨੂੰ ਮੁੜ ਸਥਾਪਿਤ ਕਰਨ ਦਾ ਯਤਨ ਕੀਤਾ ਅਤੇ ਸੰਤਾਂ ਸਾਧਕਾਂ ਨੇ ਧਰਮ ਦੇ ਖੇਤਰ ਵਿਚ ਸੰਪ੍ਰਦਾਇਕ ਭੇਦ-ਭਾਵਾਂ, ਬਾਹਰੀ ਵਿਖਾਵਿਆਂ ਅਤੇ ਪਾਖੰਡਾ ਦਾ ਵਿਰੋਧ ਕੀਤਾ। ਉਸ ਯੁੱਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਸਮੇਂ ਗੁਰੂ ਜੀ ਦੇ ਵਿਅਕਤਿਤਵ ਦਾ ਜੋ ਸਰੂਪ ਸਾਡੇ

ਸਾਹਮਣੇ ਆਇਆ ਉਹ ਮੁੱਖ ਤੌਰ ਤੇ ਮਹਾਨ ਤਾਲਮੇਲ ਕਰਤਾ, ਧਰਮ ਦੇ ਬਾਹਰੀ ਵਿਖਾਵਿਆਂ ਦੇ ਵਿਰੋਧੀ ਅਤੇ ਸੱਚੀ ਧਰਮ ਸਾਧਨਾ ਦੇ ਪ੍ਰੇਰਕ ਵਾਲਾ ਸੀ।[2]

ਆਪ ਨੇ ਧਾਰਮਿਕ ਖੇਤਰ ਵਿਚ ਭਗਤੀ, ਕਰਮ ਅਤੇ ਗਿਆਨ ਦਾ ਸਮਾਯੋਜਨ ਕੀਤਾ ਅਤੇ ਉਸ ਸਮੇਂ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਮੱਸਿਆਵਾਂ ਦਾ ਸਮੇਂ ਸਿਰ ਅਧਿਐਨ ਅਤੇ ਵਿਸ਼ਲੇਸ਼ਣ ਕਰ ਕੇ ਸੰਤ ਮਾਰਗ ਦੀ ਨੀਂਹ ਰੱਖੀ। ਆਪ ਜੀ ਦੀ ਰਚਨਾ ਸ਼ੈਲੀ ਵਿਚ ਕਾਵਿ ਦੀ ਸ਼ੋਭਾ, ਮਿੱਠਾ ਵਿਚਾਰ, ਸੰਪੰਨਤਾ ਆਦਿ ਸਾਰੇ ਗੁਣ ਹਨ। ਆਪ ਜੀ ਦੀ ਭਾਸ਼ਾ ਵਿਚ ਅਦਭੁਤ ਓਜ ਅਤੇ ਪ੍ਰਸਾਦ ਗੁਣ ਹਨ। ਸ੍ਰੀ ਗੁਰੂਨਾਨਕ ਦੇਵ ਜੀ ਦੇ ਵਿਅਕਤਿਤਵ ਵਿਚ ਸਾਹਿਤ, ਸੰਗੀਤ ਅਤੇ ਕਲਾ ਦਾ ਵਚਿੱਤਰ ਮਿਸ਼ਰਣ ਹੋਣ ਦੇ ਕਾਰਨ ਉਨ੍ਹਾਂ ਦੀ ਬਾਣੀ ਦਿਲ ਅਤੇ ਆਤਮਾ ਨੂੰ ਸਪਰਸ਼ ਕਰਦੀ ਹੈ ਅਤੇ ਨਵੇਂ ਜੀਵਨ ਦਾ ਸੰਚਾਰ ਕਰਦੀ ਹੈ।[3]

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਜੀ ਕਵੀ ਤੋਂ ਵੱਧ ਤਜ਼ਰਬੇਕਾਰ ਸਾਧਕ ਸਨ। ਉਹ ਆਪਣੇ ਤਜ਼ਰਬੇ ਦੇ ਅਨੰਦ ਨੂੰ ਜਦੋਂ ਵੀ ਪ੍ਰਗਟ ਕਰਨ ਲੱਗਦੇ ਤਾਂ ਰਬਾਬ ਦੀ ਤਾਨ ਦੇ ਨਾਲ ਉਨ੍ਹਾਂ ਦੇ ਅੰਦਰੋਂ ''ਖਸਮ ਕੀ ਬਾਣੀ'' ਦਾ ਝਰਨਾ ਫੁੱਟ ਪੈਂਦਾ। ਉਸ ਵਿਚ ਜੋ ਲੀਨ ਹੁੰਦਾ ਉਹ ਆਪਣਾ ਲੋਕ-ਪਰਲੋਕ ਸੰਵਾਰ ਲੈਂਦਾ। ਇਸ ਦੇ ਫਲਸਰੂਪ ਉਨ੍ਹਾਂ ਦੁਆਰਾ ਮਹਿਸੂਸ ਕੀਤੇ ਸੱਚ ਦੇ ਪ੍ਰਗਟਾਵੇ ਦਾ ਮਾਧਿਅਮ ਉਨ੍ਹਾਂ ਦੀ ਬਾਣੀ ਸੀ। ਉਹ ਬਾਣੀ ਹੀ ਉਨ੍ਹਾਂ ਦਾ ਕਾਵਿ ਸੀ ਜਿਸ ਰਾਹੀਂ ਉਨ੍ਹਾਂ ਦੇ ਆਪਣੀ ਭਗਤੀ-ਭਾਵਨਾ ਨੂੰ ਬਹੁਤ ਸੁੰਦਰ ਢੰਗ ਨਾਲ ਪ੍ਰਗਟ ਕੀਤਾ ਹੈ। ਵਿਸ਼ੇ-ਵਸਤੂ ਦੀ ਗੰਭੀਰਤਾ ਅਤੇ ਸੱਚਾਈ ਦੇ ਕਾਰਨ ਗੁਰੂਜੀ ਦਾ ਪ੍ਰਗਟਾਵਾ ਵੀ ਬਹੁਤ ਵਾਸਤਵਿਕ, ਸੌਖਾ ਅਤੇ ਸਿੱਧਾ ਦਿਲ ਉਤੇ ਪ੍ਰਭਾਵ ਪਾਉਣ ਵਾਲਾ ਹੈ। ਉਸ ਵਿਚ ਕਥਨ ਦੀ ਤਾਕਤ ਹੈ, ਭਾਵ ਦੀ ਏਕਤਾ ਅਤੇ ਇਕ ਤੀਬਰ ਗਤੀ ਹੈ।

ਇਥੇ ਇਹ ਵਿਚਾਰ ਕਰ ਲੈਣਾ ਵੀ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਣੀ ਦੇ ਨਾਲ-ਨਾਲ ਕਵਿਤਾ ਵੀ ਹੈ। ਭਾਵੇਂ ਕਵਿਤਾ ਸ਼ਬਦ ਅਤੇ ਅਰਥ ਦੀ ਸਾਧਨਾ ਹੀ ਮੰਨੀ ਗਈ ਹੈ ਫੇਰ ਵੀ ਜਨਮ ਤੋਂ ਹੀ ਇਸ ਦਾ ਸੰਬੰਧ ਲੈਅ, ਸੁਰ, ਤਾਲ ਤੋਂ ਹੋ ਗਿਆ ਸੀ। ਡਾ. ਪੀਤਾਂਬਰ ਦੱਤ ਬੜਥਵਾਲ ਦੇ ਅਨੁਸਾਰ, ''ਸੱਚ ਦੇ ਪ੍ਰਗਟਾਵੇ ਦੇ ਲਈ ਕਾਵਿ ਇਕ ਸੁਭਾਵਿਕ ਸਾਧਨ ਹੈ।'' ਅੰਤਰ-ਦ੍ਰਿਸ਼ਟੀ ਦੀ ਭਾਵਨਾ ਜੇਕਰ ਵਿਅਕਤ ਹੋਣਾ ਚਾਹੇ ਤਾਂ ਉਹ ਸੰਗੀਤ ਦੀ ਧੁਨ ਦੇ ਨਾਲ ਗੂੰਜਣ ਵਾਲੇ ਕਾਵਿ ਦੇ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ। ਕਵਿਤਾ ਦਾ ਸਾਧਾਰਣ ਅਰਥ ਪਦ-ਬੱਧ ਰਚਨਾਂ ਜਾਂ ਪਦ ਰਚਨਾ ਸਮਝਿਆ ਜਾਂਦਾ ਹੈ। ਸੰਗੀਤ ਤੋਂ ਬਗੈਰ ਕਵਿਤਾ ਦੇ ਅਰਥ ਦੀ ਸੂਝ ਹੋਣ ਨਾਲ ਭਾਵ ਜਾਂ ਰਸ ਦਾ ਆਭਾਸ ਹੁੰਦਾ ਹੈ। ਪਰੰਤੂ ਸੰਗੀਤ ਯੁਕਤ ਕਵਿਤਾ ਅਰਥ ਬੋਧ ਦੀ ਮੁਥਾਜ ਨਹੀਂ। ਉਹ ਆਪਣੇ ਨਾਦ ਦੀ ਤਾਕਤ ਨਾਲ ਹੀ ਇੱਛਤ ਰਸ ਪੈਦਾ ਕਰ ਲੈਂਦੀ ਹੈ। ਡਾ. ਮਨਮੋਹਨ ਸਿੰਘ ਗੌਤਮ ਦੇ ਅਨੁਸਾਰ ਸ਼ਿੰਗਾਰ ਦੇ ਸੰਯੋਗ, ਵਿਜੋਗ ਪੱਖਾਂ ਦਾ ਨਿੱਤ ਸੰਬੰਧ ਸੰਗੀਤ ਦੇ ਨਾਲ ਹੁੰਦਾ ਆਇਆ ਹੈ।[4]

ਅਸਲ ਵਿਚ ਕਲਾ ਜਾਂ ਕਾਵਿ ਦਾ ਸਾਰਾ ਜਾਦੂ ਉਸ ਦਾ 'ਰਾਗ ਤੱਤ' ਸੰਗੀਤ ਹੈ। ਇਹ ਉਹ ਤੱਤ ਹੈ ਜੋ ਉਸ ਨੂੰ ਹੋਰਨਾਂ ਵਿਸ਼ਿਆਂ ਤੋਂ ਵੱਖ ਕਰ ਕੇ ਉਸ ਨੂੰ ਸੁੰਦਰਤਾ ਪ੍ਰਦਾਨ ਕਰਦਾ ਹੈ ਜਿਸ ਦੇ ਸਾਹਮਣੇ ਮਨ ਮੋਹਿਤ ਹੋ ਕੇ ਸਿਰ ਝੁਕਾ ਦਿੰਦਾ ਹੈ। ਸਾਰੇ ਝਗੜੇ ਅਤੇ ਤਰਕ-ਵਿਤਰਕਾਂ ਨੂੰ ਭੁਲਾ ਕੇ ਇਸ ਕਾਵਿਮਈ ਰਾਗ ਤੱਤ ਨਾਲ ਭਰਪੂਰ ਸੰਗੀਤ ਧਾਰਾ ਵਿੱਚੋਂ ਜੀਵਨ ਰਸ ਪ੍ਰਾਪਤ ਕਰਨ ਲਈ ਚੁੱਪਚਾਪ ਆਤਮ-ਸਮਰਪਣ ਕਰ ਦਿੰਦਾ ਹੈ।[5]

ਮਨੁੱਖੀ ਮਨ ਦੀ ਸੰਗੀਤ ਵੱਲ ਖਾਸ ਖਿੱਚ ਹੈ ਕਿਉਂਕਿ ਸੰਗੀਤ ਦੀ ਵਿਆਪਕਤਾ ਦਾ ਖੇਤਰ ਸੰਪੂਰਨ ਜਗਤ, ਸੰਪੂਰਨ ਬ੍ਰਹਿਮੰਡ ਹੀ ਮੰਨਿਆ ਜਾਂਦਾ ਹੈ। ਇਸ ਲਈ ਬ੍ਰਹਿਮੰਡ ਦੀ ਪ੍ਰਕਿਰਤੀ ਵਿਚ ਆਪਣੀ ਪ੍ਰਕ੍ਰਿਤੀ ਦਾ ਮੇਲ ਸਥਾਪਿਤ ਕਰਨ ਲਈ ਮਨੁੱਖ ਦਾ ਸੁਭਾਵਿਕ ਸੰਗੀਤ ਪ੍ਰੇਮੀ ਹੋਣਾ ਸਿੱਧ ਹੈ।

ਗੁਰੂ ਨਾਨਕ ਦੇਵ ਜੀ ਦੀ ਆਤਮਾ ਸੰਗੀਤ ਨਾਲ ਭਰਪੂਰ ਸੀ। ''ਘਟਿ ਘਟਿ ਵਾਜਹਿ ਨਾਦ'' ਦੇ ਬਚਨ ਤੋਂ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਨੂੰ ਸਮੁੱਚੇ ਬ੍ਰਹਿਮੰਡ ਦਾ ਸੰਗੀਤ ਸੁਣਾਈ ਦੇ ਰਿਹਾ ਸੀ। ਜੇਕਰ ਉਹ ਅੰਦਰੂਨੀ ਸਮਾਧੀ ਨਾਲ ਜੁੜਦੇ ਤਾਂ ਅਨਹਦ ਦੀ ਗੂੰਜ ਉਨ੍ਹਾਂ ਨੂੰ ਮਸਤ ਕਰ ਦਿੰਦੀ ਸੀ ਅਤੇ ਜੇਕਰ ਥੋੜ੍ਹਾ ਬਾਹਰ ਧਿਆਨ ਲਗਾਉਂਦੇ ਤਾਂ ਸਾਰੀ ਕੁਦਰਤ ਗੁਣਗੁਣਾਉਂਦੀ ਹੋਈ ਨਜ਼ਰ ਆਉਂਦੀ ਸੀ।[6]

ਇਸ ਤਰ੍ਹਾਂ ਸੰਗੀਤ ਨਾਲ ਇਕ-ਮਿਕ ਹੋਏ ਗੁਰੂ ਜੀ ਇਹ ਵੀ ਜਾਣਦੇ ਸਨ ਕਿ ਮਨੁੱਖ ਰੂਪੀ ਸਾਜ਼ ਨੂੰ ਸੁਰ

ਕਰਨ ਲਈ ਖੁਸ਼ਕ ਆਤਮ ਗਿਆਨ ਹੀ ਕਾਫ਼ੀ ਨਹੀਂ ਹੈ। ਇਸ ਲਈ ਉਨ੍ਹਾਂ ਨੇ ਆਪਣੇ ਸੰਦੇਸ਼ਾਂ ਨੂੰ ਆਪਣੀ ਕਾਵਿਮਈ ਭਾਸ਼ਾ ਨਾਲ ਰਬਾਬ ਸਾਜ਼ ਦੇ ਮਾਧਿਅਮ ਰਾਹੀਂ ਲੋਕ ਜੀਵਨ ਤੱਕ ਪਹੁੰਚਾਇਆ ਜਿਸ ਦੀ ਪੁਸ਼ਟੀ ਲੋਕ ਸਾਖੀਆਂ ਵਿਚ ਬਿਆਨ ਕੀਤੇ ਬਿਓਰੇ ਤੋਂ ਹੁੰਦੀ ਹੈ।

ਅਣਗਿਣਤ ਉਦਾਹਰਣ ਮਿਲਦੇ ਹਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦਾ ਅਨੋਖਾ ਪ੍ਰਭਾਵ ਜੜ੍ਹ ਚੇਤਨ ਦੋਹਾਂ ਉਤੇ ਵਿਖਾਇਆ। ਮੱਧ ਕਾਲ ਵਿਚ ਸੰਗੀਤ ਗਾਇਨ ਵਿਲਾਸ ਦਾ ਸਾਧਨ ਬਣ ਚੁੱਕਾ ਸੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਮੁੜ ਪਰਮਾਤਮਾ ਦੇ ਪ੍ਰੇਮ ਵਿਚ ਢਾਲਣ ਦਾ ਯਤਨ ਕੀਤਾ। ਆਪਣੀ ਚੌਥੀ ਉਦਾਸੀ ਦੌਰਾਨ ਗੁਰੂਜੀ ਜਦੋਂ ਬਗਦਾਦ ਪੁੱਜੇ ਤਾਂ ਉਥੇ ਰੋਜ਼ਾਨਾ ਰਬਾਬ ਦੇ ਨਾਲ ਸ਼ਬਦ ਗਾਇਨ ਕਰਦੇ ਸਨ। ਉਨ੍ਹਾਂ ਦਾ ਗਾਇਨ ਸੁਣਨ ਲਈ ਕਈ ਮੁਸਲਮਾਨ ਆਉਂਦੇ ਸਨ। ਕੁਝ ਸੰਗੀਤ ਵਿਰੋਧੀ ਮੁਸਲਮਾਨਾ ਨੇ ਆਪ ਜੀ ਨੂੰ ਸ਼ਬਦ ਗਾਇਨ ਕਰਕੇ ਵੇਖ ਕੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਉਨਾਂ ਨੂੰ ਪੱਥਰ ਨਾਲ ਮਾਰਨ ਦਾ ਯਤਨ ਕੀਤਾ। ਇਸ ਸਮੇਂ ਨਿਮਾਜ਼ ਦਾ ਸਮਾਂ ਹੋਣ ਦੇ ਕਾਰਣ ਗੁਰੂ ਜੀ ਨੇ ਆਪਣੇ ਕੰਨਾ ਤੇ ਹੱਥ ਰੱਖ ਕੇ ਇਤਨੇ ਮਿੱਠੇ ਸੁਰ 'ਚ ਉਚੀ ਅਜ਼ਾਨ ਦਿੱਤੀ ਕਿ ਸੁਣਨ ਵਾਲੇ ਸੁੱਧ-ਬੁੱਧ ਗੁਆ ਕੇ ਆਪਣੀ ਜਗ੍ਹਾ 'ਤੇ ਹੀ ਜੰਮ ਗਏ ਅਤੇ ਉਨ੍ਹਾਂ ਦੇ ਹੱਥਾਂ ਤੋਂ ਪੱਥਰ ਡਿੱਗ ਪਏ। ਬਗਦਾਦ ਦੇ ਪੀਰ ਨੇ ਉਨ੍ਹਾਂ ਦਾ ਇਹ ਚਮਤਕਾਰ ਵੇਖ ਕੇ ਉਨ੍ਹਾਂ ਨੂੰ ਇਕ ਮਹਾਨ ਫ਼ਕੀਰ ਸਮਝ ਕੇ ਸੀਸ ਝੁਕਾਇਆ ਅਤੇ ਉਨ੍ਹਾਂ ਦਾ ਪਰਿਚੈ ਪ੍ਰਾਪਤ ਕੀਤਾ।[7]

ਇਸੇ ਸੰਦਰਭ ਵਿਚ ਇਹ ਲਿਖਣਾ ਗ਼ਲਤ ਨਹੀਂ ਹੋਵੇਗਾ ਕਿ ਗੁਰੂ ਜੀ ਨੇ ਬਗ਼ਦਾਦ ਦੇ ਮੁਸਲਮਾਨਾਂ ਦੇ ਸੰਗੀਤ ਵਾਸਤੇ ਅਨੇਕਾਂ ਸੰਦੇਹ ਦੂਰ ਕੀਤੇ। ਮੁਸਨਮਾਨਾਂ ਦਾ ਇਹ ਮੁੱਖ ਸੰਦੇਹ ਸੀ ਕਿ ਸੰਗੀਤ ਚਿੱਤ ਨੂੰ ਚੰਚਲ ਬਣਾਉਣ ਵਾਲੀ ਵਸਤੂ ਹੈ ਅਤੇ ਮਨੁੱਖ ਨੂੰ ਪਰਮਾਤਮਾ ਦੀ ਉਪਾਸਨਾ ਤੋਂ ਬੇਮੁੱਖ ਕਰ ਕੇ ਭੋਗ ਵਿਲਾਸ ਵੱਲ ਲੈ ਜਾਂਦੀ ਹੈ। ਉਨ੍ਹਾਂ ਨੂੰ ਹੈਰਾਨੀ ਹੋਈ ਕਿ ਗੁਰੂਜੀ ਕਿਸ ਤਰ੍ਹਾਂ ਸੰਗੀਤ ਪ੍ਰੇਮ ਨੂੰ ਭਗਤੀ ਦਾ ਸਾਧਨ ਬਣਾ ਰਹੇ ਹਨ।

ਇਸ ਤਰ੍ਹਾਂ ਗੁਰੂ ਜੀ ਨੇ ਸੰਗੀਤ ਵਿਰੋਧੀ ਬਗ਼ਦਾਦ ਦੇ ਮੁਸਲਮਾਨਾਂ ਵਿਚ ਹੀ ਸੰਗੀਤ ਦੀ ਸਾਰਥਕਤਾ ਨੂੰ ਸਿੱਧ ਕਰ ਦਿੱਤਾ ਅਤੇ ਉਨ੍ਹਾਂ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਸੰਗੀਤ ਪਰਮਾਤਮਾ ਦੀ ਭਗਤੀ ਦਾ ਇਕ ਸੌਖਾ ਸਾਧਨ ਹੈ। ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦਾ ਪ੍ਰਯੋਗ ਆਪਣੇ ਸੰਦੇਸ਼ਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਕੀਤਾ। ਉਨ੍ਹਾਂ ਨੇ ਸੰਗੀਤ ਨੂੰ ਮਨੋਰੰਜਨ ਦੀ ਥਾਂ 'ਤੇ ਪਰਮਾਤਮਾ ਦੀ ਭਗਤੀ ਦਾ ਸਾਧਨ ਬਣਾਇਆ।

ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਮੁਸਲਿਮ ਧਰਮ ਅਨੁਯਾਈਆਂ ਨੂੰ ਹੀ ਸੰਗੀਤ ਦੁਆਰਾ ਭਗਤੀ ਕਰਨ ਦਾ ਰਾਹ ਨਹੀਂ ਦਿਖਾਇਆ ਸਗੋਂ ਹਿੰਦੂ ਧਰਮ ਦੇ ਅਨੁਯਾਈਆਂ ਨੂੰ ਵੀ ਇਸ ਮਹੱਤਤਾ ਦਾ ਅਹਿਸਾਸ ਕਰਵਾਇਆ। ਗੁਰੂ ਜੀ ਨੇ ਆਪਣੇ ਸਮੇਂ ਦੀ ਹਰ ਸਮੱਸਿਆ ਨੂੰ ਹੱਲ ਕਰਨ ਦੇ ਲਈ (ਭਾਵੇਂ ਉਹ ਰਾਜਨੀਤਕ ਹੋਵੇ, ਸਮਾਜਿਕ, ਧਾਰਮਿਕ ਜਾਂ ਆਰਥਿਕ ਹੋਵੇ) ਸੰਗੀਤ ਨੂੰ ਹੀ ਸਾਧਨ ਬਣਾਇਆ। ਗੁਰੂ ਨਾਨਕ ਦੇਵ ਜੀ ਸੰਸਾਰ ਦੀ ਸਭ ਤੋਂ ਵੱਧ ਯਾਤਰਾ ਕਰਨ ਵਾਲੇ ਸੰਤ, ਤਪੱਸਵੀ, ਮਹਾਂਪੁਰਖ ਹੋਏ ਹਨ ਜਿੰਨ੍ਹਾਂ ਨੇ ਅਨੇਕ ਦੇਸ਼ਾਂ ਦਾ ਦੌਰਾ ਜ਼ਿਆਦਾਤਰ ਇਸ ਯਾਤਰਾ ਦੇ ਜ਼ਰੀਏ ਕੀਤਾ ਜਿਸ ਵਿਚ ਭਾਰਤ ਤੋਂ ਇਲਾਵਾ ਅਫ਼ਗਾਨਿਸਤਾਨ, ਕਾਬੁਲ, ਕੰਧਾਰ, ਮੱਕਾ-ਮਦੀਨਾ, ਸ੍ਰੀ ਲੰਕਾ ਆਦਿ ਵਰਣਨਯੋਗ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਆਮ ਜਨਤਾ ਤਕ ਪਹੁੰਚਾਉਣ ਦਾ ਮਾਰਗ ਸੰਗੀਤ ਨੂੰ ਬਣਾਇਆ। ਇਹ ਸੰਗੀਤ ਪੁਰਾਣਾ ਸੰਗੀਤ ਸੀ। ਮੱਧਕਾਲ ਵਿਚ ਬਾਣੀ ਲਿਖਣ ਦੀ ਲਹਿਰ ਆਈ। ਰਾਗ-ਰਾਗਨੀ ਪ੍ਰਣਾਲੀ ਲਿਖਣ ਲਈ ਬਣਾਈ ਗਈ ਸੀ ਪਰੰਤੂ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਵਿਅਕਤੀ ਨੇ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਅਤੇ ਭਗਤੀ ਨੂੰ ਸੰਗੀਤ ਦੇ ਨਾਲ ਮੁੜ ਜੋੜਿਆ ਜੋ ਅੱਜ ਸਾਡੇ ਸਾਹਮਣੇ ਗੁਰਬਾਣੀ ਸੰਗੀਤ ਦੇ ਰੂਪ ਵਿਚ ਪ੍ਰਸਤੁਤ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਭਾਰਤ ਵਿਚ ਭਗਤੀ ਸੰਗੀਤ ਅਨੇਕਾਂ ਰੂਪਾਂ ਵਿਚ ਵੱਖ-ਵੱਖ ਧਰਮ ਅਨੁਯਾਈਆਂ ਵਿਚ ਪ੍ਰਚਲਿਤ ਸੀ। ਗੁਰੂ ਨਾਨਕ ਦੇਵ ਜੀ ਦੀ ਸੰਪੂਰਨ ਬਾਣੀ ਪਦਾਂ ਵਿਚ ਰਚਿਤ ਹੈ। ਇਹੀ ਕਾਰਣ ਹੈ ਕਿ ਆਪਣੇ ਉਦੇਸ਼ ਦੀ ਪ੍ਰਾਪਤੀ ਵਿਚ ਉਨ੍ਹਾਂ ਦੁਆਰਾ ਕਹੀ ਗੱਲ ਆਸਾਨੀ ਨਾਲ ਸਮਝ ਆ ਸਕੇ। ਸਮਕਾਲੀਨ ਭਗਤੀ ਸੰਗੀਤ ਵਿਚ ਜੋ ਵੀ ਸ਼ੈਲੀਆਂ ਜਾਂ ਪ੍ਰਣਾਲੀਆਂ ਪ੍ਰਚਲਿਤ ਸਨ ਉਹਨਾਂ ਵਿਚ ਕੁਝ ਸੁਧਾਰ ਕਰ ਕੇ ਗੁਰੂ ਨਾਨਕ ਦੇਵ ਜੀ

ਨੇ ਸ਼ਬਦ ਕੀਰਤਨ ਦੀ ਪਰੰਪਰਾ ਨੂੰ ਸਥਾਪਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਹੋਰਨਾਂ ਸਮੂਹ ਗੁਰੂਆਂ ਨੇ ਇਸ ਦੀ ਪਾਲਣਾ ਕੀਤੀ। ਗੁਰੂਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਰਾਗਾਂ ਵਿਚ ਰਚਿਆ ਅਤੇ ਕੀਰਤਨ ਪ੍ਰਥਾ ਦਾ ਸੰਗਤ ਵਿਚ ਪ੍ਰਚਾਰ ਕੀਤਾ ਜਿਸ ਦਾ ਆਧਾਰ ਵਿਅਕਤੀਗਤ ਅਤੇ ਸਾਮੂਹਿਕ ਦੋਵੇਂ ਸਨ।

ਵਿਅਕਤੀਗਤ ਰੂਪ ਵਿਚ ਉਨ੍ਹਾਂ ਨੇ ਮਿਰਾਸੀ ਪਰੰਪਰਾ ਦੀ ਨੀਂਹ ਰੱਖੀ ਅਤੇ ਆਪਣੀਆਂ ਯਾਤਰਾਵਾਂ ਵਿਚ ਆਪਣੇ ਨਾਲ ਭਾਈ ਮਰਦਾਨਾ ਨੂੰ ਗਾਇਨ ਕਰਨ ਲਈ ਰੱਖਿਆ ਜੋ ਹਮੇਸ਼ਾ ਰਬਾਬ ਸਾਜ਼ ਉਤੇ ਗੁਰੂ ਜੀ ਦੀ ਬਾਣੀ ਦਾ ਗਾਇਨ ਕਰਦੇ ਸਨ। ਸਾਮੂਹਿਕ ਰੂਪ ਵਿਚ ਉਨ੍ਹਾਂ ਨੇ ਆਮ ਜਨਤਾ (ਸੰਗਤ) ਨੂੰ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਚੇਲੇ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਦੀ ਸਿੱਖਿਆ ਭਾਈ ਫਿਰੰਦੇ ਕੋਲੋਂ ਦਿਵਾਈ। ਆਮ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਬਾਣੀ ਉਚਾਰਣ ਦੇ ਸਮੇਂ ਭਾਈ ਮਰਦਾਨਾ ਉਨ੍ਹਾਂ ਦੀ ਰਬਾਬ ਸਾਜ਼ ਉਤੇ ਸੰਗਤ ਕਰਦੇ ਸਨ। ਰਬਾਬ ਸਾਜ਼ ਦੀ ਮਿੱਠੀ ਧੁਨੀ ਵਿਚ ਗੁਰੂ ਨਾਨਕ ਦੇਵ ਜੀ ਆਤਮ-ਲੀਨ ਹੋ ਜਾਂਦੇ ਸਨ।

ਇਹ ਸੱਚ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤੀ ਮਾਰਗ ਦੇ ਭਗਤ ਆਪਣੀ ਬਾਣੀ ਨੂੰ ਰਾਗ ਅਤੇ ਤਾਲ ਵਿਚ ਰਚ ਕੇ ਕੀਰਤਨ ਰੂਪ ਵਿਚ ਸੰਗੀਤ ਸਾਜ਼ਾਂ ਯੰਤਰਾਂ ਦੇ ਨਾਲ ਗਾਇਆ ਕਰਦੇ ਸਨ ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਇਕ ਨਵੀਂ ਸੇਧ ਦਿੱਤੀ ਜਿਸ ਦੁਆਰਾ ਅਧਿਆਤਮਿਕ ਚਿੰਤਨ ਦੇ ਭੇਦ ਨੂੰ ਪ੍ਰਗਟ ਕੀਤਾ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਪਰੰਪਰਾ ਵਿਚ ਸੰਗੀਤ ਦੇ ਮਹੱਤਵ ਨੂੰ ਦੱਸਿਆ ਜਿਸ ਦੀ ਪਾਲਣਾ ਉਨ੍ਹਾਂ ਤੋਂ ਬਾਅਦ ਆਏ ਗੁਰੂਆਂ ਨੇ ਇੰਨ-ਬਿੰਨ ਕੀਤੀ ਹੈ।

ਪਰਮਾਤਮਾ ਦੀ ਉਸਤਤ ਦੇ ਲਈ ਉੱਚ ਸੰਗੀਤਮਈ ਭਾਸ਼ਾ ਦਾ ਸਰੂਪ ਅਤਿ ਉਤਮ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਬੁੱਧ ਦੇ ਸਮਾਨ ਸੰਸਕ੍ਰਿਤ ਨੂੰ ਛੇਕਿਆ ਜੋ ਕਿ ਉਸ ਸਮੇਂ ਨਾ ਸਿਰਫ਼ ਲੋਕ-ਭਾਸ਼ਾ ਦੇ ਰੂਪ ਵਿਚ ਖ਼ਤਮ ਹੋ ਚੁੱਕੀ ਸੀ ਸਗੋ ਇਕ ਛੋਟੇ ਜਿਹੇ ਵਰਗ ਆਮ ਤੌਰ 'ਤੇ ਬ੍ਰਾਹਮਣਾਂ ਦੇ ਵਰਗ ਤੋਂ ਇਲਾਵਾ ਕਿਤੇ ਵੀ ਸਮਝੀ ਨਹੀਂ ਜਾਂਦੀ ਸੀ। ਬ੍ਰਾਹਮਣਾ ਦੇ ਇੱਜ਼ਤ-ਮਾਣ ਦੀ ਤੀਬਰਤਾ ਨਾਲ ਕਮੀ ਹੋ ਰਹੀ ਸੀ। ਗੁਰੂ ਨਾਨਕ ਦੇਵ ਜੀ ਆਪਣੇ ਮੱਤ ਦੀ ਪ੍ਰਵਿਰਤੀ ਦੇ ਅਨੁਕੂਲ ਹੀ ਅਜਿਹੀ ਭਾਸ਼ਾ ਦੇ ਵਿਵਹਾਰ ਵੱਲ ਪ੍ਰੇਰਿਤ ਹੋਏ ਜੋ ਆਮ ਜਨਤਾ ਦੇ ਨੇੜੇ ਸੀ।[8]

ਗੁਰੂ ਨਾਨਕ ਦੇਵ ਜੀ ਨੇ ਸੌਖੀ ਅਤੇ ਬੋਲਚਾਲ ਦੀ ਭਾਸ਼ਾ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ। ਸ਼ਾਇਦ ਉਨ੍ਹਾਂ ਦਾ ਮੂਲ ਉਦੇਸ਼ ਆਮ ਲੋਕਾਂ ਤੱਕ ਆਪਣੀਆਂ ਅਧਿਆਤਮਿਕ ਭਾਵਨਾਵਾਂ ਨੂੰ ਪਹੁੰਚਾਉਣਾ ਸੀ। ਉਨ੍ਹਾਂ ਨੇ ਬਹੁਤ ਸਰਲ ਅਤੇ ਸਾਹਿਤਕ ਭਾਸ਼ਾ ਵਿਚ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਹਰੇਕ ਵਿਅਕਤੀ ਤੱਕ ਪਹੁੰਚਾਇਆ। ਇਸ ਦੀ ਪਾਲਣਾ ਉਨ੍ਹਾਂ ਦੇ ਅਨੁਯਾਈਆਂ ਨੇ ਵੀ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਪ੍ਰਣਾਲੀ ਵਿਚ ਵਿਅਕਤੀਗਤ ਗਾਇਨ ਰੀਤ ਦੇ ਨਾਲ ਨਾਲ ਸਾਮੂਹਿਕ ਗਾਇਨ ਦਾ ਵੀ ਧਿਆਨ ਰੱਖਿਆ ਹੈ। ਸਮੂਹ ਸੰਗਤ ਦਾ ਮਿਲ ਕੇ ਸਾਧਾਰਣ ਧੁਨਾਂ ਵਿਚ ਗਾਇਨ ਕਰਨਾ ਸਾਮੂਹਿਕ ਗਾਇਨ ਦੀ ਮਹੱਤਤਾ ਨੂੰ ਪ੍ਰਗਟ ਕਰਦਾ ਹੈ।[9]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਇਹ ਜ਼ਰੂਰੀ ਨਹੀਂ ਕਿ ਕੀਰਤਨ ਸਭਾ ਦੇ ਰੂਪ ਵਿਚ ਹੋਵੇ। ਇਸ ਦਾ ਮੁੱਖ ਉਦੇਸ਼ ਪ੍ਰਭੂਦੀ ਉਸਤਤ ਕਰਨਾ ਹੈ ਭਾਵੇਂ ਉਹ ਇਕੱਲੇ ਮਨੁੱਖ ਦੁਆਰਾ ਕੀਤਾ ਜਾਵੇ ਜਾਂ ਬਹੁਤ ਸਾਰੇ ਮਨੁੱਖਾਂ ਦੁਆਰਾ ਸਾਮੂਹਿਕ ਰੂਪ ਵਿਚ ਹੋਵੇ।

ਗੁਰੂ ਜੀ ਦੇ ਯੁੱਗ ਵਿਚ ਭੇਦ-ਭਾਵ ਅਤੇ ਛੂਆ-ਛੂਤ ਦਾ ਬੋਲਬਾਲਾ ਸੀ। ਨੀਵੀਂ ਜਾਤ ਦੇ ਲੋਕਾਂ ਨੂੰ ਪੂਜਾ-ਪਾਠ ਕਰਨਾ ਤਾਂ ਦੂਰ, ਮੰਦਰ ਵਿਚ ਪ੍ਰਵੇਸ਼ ਕਰਨ ਦੀ ਵੀ ਮਨਾਹੀ ਸੀ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂਜੀ ਨੇ ਸਮੂਹਿਕ ਕੀਰਤਨ ਪ੍ਰਥਾ ਚਲਾਈ ਜਿਸ ਦੇ ਅਧੀਨ ਸਮੂਹ ਜਾਤੀਆਂ ਅਤੇ ਵਰਗਾਂ ਦੇ ਲੋਕ ਭਾਗ ਲੈ ਸਕਦੇ ਸਨ। ਇਸ ਤਰ੍ਹਾਂ ਵੱਧ ਤੋਂ ਵੱਧ ਲੋਕਾਂ ਨੇ ਕੀਰਤਨ ਸ਼ੁਰੂਕੀਤਾ ਜਿਸ ਨਾਲ ਗੁਰਬਾਣੀ ਸੰਗੀਤ ਦਾ ਹੋਰ ਵਿਕਾਸ ਹੋਇਆ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ ਗਾਇਨ ਉੱਨੀਂ (19) ਰਾਗਾਂ ਵਿਚ ਕੀਤਾ ਹੈ ਜੋ ਇਸ ਪ੍ਰਕਾਰ ਹਨ:

1. ਸਿਰੀ 2. ਮਾਝ 3. ਆਸਾ 4. ਗਉੜੀ 5. ਗੂਜਰੀ 6. ਵਡਹੰਸ

7. ਸੋਰਠਿ 8. ਬਸੰਤ 9. ਤਿਲੰਗ 10. ਧਨਾਸਰੀ 11. ਬਿਲਾਵਲ 12. ਸੂਹੀ
13. ਮਾਰੂ 14. ਰਾਮਕਲੀ 15. ਭੈਰਉ 16. ਤੁਖਾਰੀ 17. ਸਾਰੰਗ 18. ਮਲ੍ਹਾਰ
19. ਪ੍ਰਭਾਤੀ

ਮੱਧ ਕਾਲ ਤੋਂ ਹੀ ਮਿਸ਼ਰਤ ਰਾਗਾ ਦੀ ਪਰੰਪਰਾ ਪ੍ਰਚਲਿਤ ਰਹੀ ਹੈ ਜਿਸ ਦੇ ਕੁਝ ਰੂਪ ਗੁਰੂਨਾਨਕ ਬਾਣੀ ਵਿਚ ਵੀ ਪ੍ਰਾਪਤ ਹੁੰਦੇ ਹਨ। ਆਧੁਨਿਕ ਕਾਲ ਵਿਚ ਤਾਂ ਅਜਿਹੇ ਅਨੇਕਾਂ ਰਾਗ ਪ੍ਰਚਲਨ ਵਿਚ ਆਏ ਹਨ ਜਿੰਨ੍ਹਾਂ ਦੇ ਸਰੂਪ ਦਾ ਨਿਰਮਾਣ ਦੋ ਰਾਗਾਂ ਦੇ ਮਿਸ਼ਰਣ ਦੁਆਰਾ ਸਥਾਪਿਤ ਹੋਇਆ। ਦੋ ਰਾਗਾਂ ਦੇ ਮਿਸ਼ਰਣ ਨਾਲ ਇਕ ਨਵੇਂ ਰਾਗ ਦਾ ਸਰੂਪ ਸਾਹਮਣੇ ਆਉਂਦਾ ਹੈ।

ਗੁਰ_ਨਾਨਕ ਦੇਵ ਜੀ ਦੀ ਰਾਗ ਸੰਗੀਤ ਵਿਚ ਡੂੰਘੀ ਪਕੜ ਸੀ ਜਿਸ ਦੇ ਪ੍ਰਮਾਣ ਸਰੂਪ ਉਹ ਮਿਸ਼ਰਤ ਰਾਗ ਹਨ ਜਿੰਨ੍ਹਾਂ ਦੇ ਨਾਮ ਸ਼ਬਦਾਂ ਉਤੇ ਅੰਕਿਤ ਮਿਲਦੇ ਹਨ। ਮਿਸ਼ਰਤ ਰਾਗਾਂ ਦਾ ਨਿਰਮਾਣ ਕਰਨਾ ਸਾਧਾਰਣ ਸੰਗੀਤਕਾਰ ਦੇ ਵੱਸ ਦੀ ਗੱਲ ਨਹੀਂ ਹੈ। ਇਨ੍ਹਾਂ ਮਿਸ਼ਰਤ ਰਾਗਾਂ ਦੀ ਸੰਖਿਆ 16 ਹੈ ਜੋ ਉਪਰੋਕਤ 19 ਰਾਗਾਂ ਤੋਂ ਵੱਖਰੇ ਹਨ।

ਗੁਰੂ ਜੀ ਨੇ ਸ਼ਬਦ ਗਾਇਨ ਵਿਚ ਉਪਯੋਗ ਹੋਣ ਵਾਲੇ ਰਾਗਾਂ ਦੀ ਗਿਣਤੀ ਇਸ ਕਰਕੇ ਸੀਮਤ ਕਰ ਦਿੱਤੀ ਤਾਂ ਜੋ ਕੀਰਤਨਕਾਰ ਅਨੁਸ਼ਾਸਨ ਵਿਚ ਰਹਿ ਕੇ ਇਨ੍ਹਾਂ ਨਿਰਧਾਰਤ ਰਾਗਾਂ ਵਿਚ ਹੀ ਕੀਰਤਨ ਕਰਨ, ਜਿਸ ਨਾਲ ਕੀਰਤਨ ਦੀ ਇਕਸੁਰਤਾ ਉਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤਕ ਸਮਾਨ ਰੂਪ ਨਾਲ ਵਿਆਪਕ ਹੋਵੇ।[10]

ਸੋਲ੍ਹਾਂ ਮਿਸ਼ਰਤ ਰਾਗਾਂ ਦੇ ਨਾਮ ਇਸ ਪ੍ਰਕਾਰ ਹਨ:

| | | |
|---|---|---|
| 1. ਗਉੜੀ ਗੁਆਰੇਰੀ | 2. ਗਉੜੀ ਦੱਖਣੀ | 3. ਗਉੜੀ ਚੇਤੀ |
| 4. ਗਉੜੀ ਬੈਰਾਗਣਿ | 5. ਗਉੜੀ ਪੂਰਬੀ ਦੀਪਕੀ | 6. ਗਉੜੀ ਦੀਪਕੀ |
| 7. ਕਾਫ਼ੀ | 8. ਵਡਹੰਸ ਦੱਖਣੀ | 9. ਰਾਮਕਲੀ ਦੱਖਣੀ |
| 10. ਵਡਹੰਸ ਦੱਖਣੀ | 11. ਰਾਮਕਲੀ ਦੱਖਣੀ | 12. ਮਾਰੂਦੱਖਣੀ |
| 13. ਬਸੰਤ ਹਿੰਡੋਲ | 14. ਵਿਭਾਸ | 15. ਪ੍ਰਭਾਤੀ ਵਿਭਾਸ |
| 16. ਪ੍ਰਭਾਤੀ ਦੱਖਣੀ | | |

ਅਸਲ ਵਿਚ ਜਿਨ੍ਹਾਂ ਰਾਗਾਂ ਦੇ ਅੱਗੇ ਦੱਖਣੀ ਸਿਰਲੇਖ ਲਿਖਿਆ ਗਿਆ ਹੈ ਉਹ ਰਾਗ ਦੱਖਣੀ ਅਰਥਾਤ ਕਰਨਾਟਕ ਸੰਗੀਤ ਵਿਚ ਉਪਲੱਬਧ ਹੀ ਨਹੀਂ ਹਨ। ਸ਼ਾਇਦ ਦੱਖਣੀ ਸ਼ਬਦ ਤੋਂ ਭਾਵ ਇਨ੍ਹਾਂ ਰਾਗਾਂ ਦੀ ਉਸ ਕਿਸਮ ਜਾਂ ਰੂਪ ਤੋਂ ਲਿਆ ਜਾਣਾ ਚਾਹੀਦਾ ਹੈ ਜੋ ਪੰਜਾਬ ਦੇ ਦੱਖਣ ਵਿਚ ਗਾਏ ਜਾਂਦੇ ਰਹੇ ਹਨ।

70 ਸਾਲ ਦੀ ਉਮਰ ਵਿਚ ਗੁਰੂਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦੇ ਕੇ ਗੁਰੂ ਅੰਗਦ ਬਣਾਇਆ। 22 ਸਤੰਬਰ ਸੰਨ 1539 ਨੂੰ ਸੱਤਰ ਸਾਲ ਚਾਰ ਮਹੀਨੇ ਤਿੰਨ ਦਿਨ ਸਰੀਰਕ ਬਸਤ੍ਰਾਂ ਵਿਚ ਰਹਿ ਕੇ ਆਪ ਕਰਤਾਰਪੁਰ ਵਿਚ ਜੋਤੀ ਜੋਤ ਸਮਾ ਗਏ। ਇਹ ਸਥਾਨ ਅੱਜ ਕਲ੍ਹ ਡੇਰਾ ਬਾਬਾ ਨਾਨਕ ਦੇ ਨਾਮ ਤੋਂ ਮਸ਼ਹੂਰ ਹੈ।

ਹਵਾਲੇ ਅਤੇ ਟਿੱਪਣੀਆਂ


1. ਗੁਰੂਨਾਨਕ ਦੇਵ ਕ੍ਰਿਤ ਆਸਾ ਦੀ ਵਾਰ ਦਾ ਬੁਹਪਾਸਾਰੀ ਅਧਿਐਨ, ਪੂਨਮ ਦੇਵਸਰ, ਪੰਨਾ 110.
2. ਗੁਰੂਨਾਨਕ ਬਾਣੀ ਮੇਂ ਪ੍ਰੇਮ ਭਗਤੀ ਦਾ ਸਰੂਪ, ਡਾ. ਗੁਰਸ਼ਰਨ ਕੌਰ, ਪੰਨਾ 96.
3. ਸਿੱਖ ਗੁਰਦੁਆਰੋਂ ਕੇ ਹਰਿ ਕੀਰਤਨ ਮੇਂ ਸ਼ਾਸਤਰੀਆਂ ਸੰਗੀਤ ਕੀ ਪਰੰਪਰਾ, ਡਾ. ਅਜੀਤ ਸਿੰਘ ਪੇਂਟਲ, ਪੰਨਾ 28.
4. ਗੁਰੂਨਾਨਕ ਬਾਣੀ ਮੇਂ ਪ੍ਰੇਮ ਭਗਤੀ ਦਾ ਸਰੂਪ, ਗੁਰਸ਼ਰਨ ਕੌਰ, ਪੰਨਾ 322.
5. ਗੁਰੂਨਾਨਕ ਕਾਵਯ ਕਲਾ, ਕਾਲਾ ਸਿੰਘ ਬੇਦੀ, ਪੰਨਾ 363.
6. ਜਪੁਜੀ ਸਾਹਿਬ, ਪਉੜੀ 27.
7. ਹੈਰੀਟੇਜ ਆਫ ਸਿੱਖ ਕਲਚਰ, ਪ੍ਰੀਤਮ ਸਿੰਘ ਗਿੱਲ, ਪੰਨਾ 230.
8. ਗੁਰ ਨਾਨਕ ਜੀਵਨ ਯੁਗ ਏਵਮ ਸਿਖਿਆਏਂ, ਗੁਰਮੁਖ ਨਿਹਾਲ, ਪੰਨਾ 263.
9. ਉਹੀ, ਪੰਨਾ 249.
10. ਪੰਜਾਬ ਕੀ ਸੰਗੀਤ ਪਰੰਪਰਾ, ਡਾ. ਗੀਤਾ ਪੇਂਟਲ, ਪੰਨਾ 114.


ਮੁੱਖੀ, ਸੰਗੀਤ ਵਿਭਾਗ ਗਾਇਨ, ਖਾਲਸਾ ਕਾਲਜ ਫਾਰ ਵਿਮੈਨ, ਅੰਮ੍ਰਿਤਸਰ।

ਪੁਸਤਕ ਸਮੀਖਿਆ

# ਪੁਸਤਕ - ਤਬਲਾ ਸਿਧਾਂਤਕ ਪੱਖ

ਲੇਖਕ ਇਕਵਾਕ ਸਿੰਘ ਪੱਟੀ - ਪ੍ਰਕਾਸ਼ਕ : ਰਤਨ ਬ੍ਰਦਰਜ਼ ਅੰਮ੍ਰਿਤਸਰ

ਸ੍ਰ: ਇਕਵਾਕ ਸਿੰਘ ਪੱਟੀ ਖਾਲਸਾ ਪੰਥ ਦੇ ਪ੍ਰਸਿੱਧ ਨਾਮਵਰ ਲੇਖਕ ਹਨ। ਅਕਸਰ ਇਹਨਾਂ ਦੇ ਖੋਜ ਭਰਪੂਰ ਆਰਟੀਕਲ ਅਖ਼ਬਾਰਾਂ, ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਆਪ ਜੀ ਨੇ ਕਈ ਹੋਰ ਪ੍ਰਸਿੱਧ ਪੁਸਤਕਾਂ ਦੀ ਰਚਨਾ ਵੀ ਕੀਤੀ ਹੈ। ਭਾਈ ਸਾਹਿਬ ਜੀ ਦਾ ਸੰਗੀਤ ਖੇਤਰ ਨਾਲ ਵੀ ਵਿਸ਼ੇਸ਼ ਲਗਾਓ ਹੈ। ਆਪ ਜੀ ਨੇ ਸਿੱਖ ਮਿਸ਼ਨਰੀ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ 3 ਸਾਲਾ ਗੁਰਮਤਿ ਸੰਗੀਤ ਕੋਰਸ ਦੇ ਤਬਲਾ ਵਾਦਨ ਵਿਚੋਂ 2004 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਸਿੱਧ ਤਬਲਾ ਵਾਦਕ ਪ੍ਰੋ: ਬਲਜੀਤ ਸਿੰਘ ਜੀ ਆਨੰਦਪੁਰ ਸਾਹਿਬ ਵਾਲੇ ਅਤੇ ਉਸਤਾਦ ਮੁਰਲੀ ਸ੍ਰੀਵਾਸਤਵ ਅਤੇ ਹੋਰ ਮਹਾਨ ਉਸਤਾਦਾਂ ਪਾਸੋਂ ਤਬਲਾ ਵਾਦਨ ਦੀ ਤਾਲੀਮ ਹਾਸਲ ਕਰ ਕੇ ਸਖ਼ਤ ਮਿਹਨਤ ਲਗਨ ਹਿੰਮਤ ਕਰਕੇ ਆਪ ਜੀ ਨੇ ਤਬਲਾ ਵਾਦਨ ਵਿਚ ਚੰਗਾ ਜਸ ਨਾਮਣਾ ਖੱਟਿਆ ਹੈ।

ਸ੍ਰ: ਇਕਵਾਕ ਸਿੰਘ ਪੱਟੀ ਨੇ ਡੂੰਘਾ ਅਧਿਐਨ ਕਰਕੇ ਬੜੀ ਲਗਨ ਅਤੇ ਮਿਹਨਤ ਨਾਲ ਤਬਲੇ ਦੇ ਥਿਊਰੀ ਪੱਖ ਤੋਂ ਪੰਜਾਬੀ ਬੋਲੀ ਵਿਚ ਬਹੁਤ ਹੀ ਖੋਜ ਭਰਪੂਰ ਪੁਸਤਕ 'ਤਬਲਾ ਸਿਧਾਂਤਕ ਪੱਖ' ਤਿਆਰ ਕੀਤੀ ਹੈ। ਭਾਵੇਂ ਇਸ ਤੋਂ ਪਹਿਲਾਂ ਤਬਲੇ ਸਬੰਧੀ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿਚ ਵੀ ਅਨੇਕਾਂ ਪੁਸਤਕਾਂ ਮਿਲਦੀਆਂ ਹਨ ਪਰ ਕਿਸੇ 'ਚੋਂ ਸਿਧਾਂਤਕ ਪੱਖ ਸਬੰਧੀ ਸੰਪੂਰਨ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ । ਵਿਦਿਆਰਥੀਆਂ ਨੂੰ ਇਮਤਿਹਾਨਾਂ ਵੇਲੇ ਬਹੁਤ ਦਿੱਕਤ-ਮੁਸ਼ਕਲ ਆਉਂਦੀ ਸੀ। ਅਨੇਕਾਂ ਪੁਸਤਕਾਂ ਵਿਚੋਂ ਵੀ ਲੋੜੀਂਦੀ ਸਮੱਗਰੀ ਪ੍ਰਾਪਤ ਨਹੀਂ ਸੀ ਹੁੰਦੀ। ਸ੍ਰ: ਪੱਟੀ ਦਾ ਬਹੁਤ ਹੀ ਸ਼ਲਾਘਾਯੋਗ ਉੱਦਮ ਹੈ ਇਸ ਪੁਸਤਕ ਵਿਚ ਤਬਲੇ ਦੇ ਹਰ ਪੱਖ ਨੂੰ ਛੋਹਿਆ ਗਿਆ ਹੈ। ਵਿਦਿਆਰਥੀ ਵਰਗ ਲਈ ਇਹ ਪੁਸਤਕ ਬਹੁਤ ਹੀ ਲਾਹੇਵੰਦ ਸਾਬਤ ਹੋਵੇਗੀ। ਇਸ ਪੁਸਤਕ ਨੂੰ 4 ਭਾਗਾਂ ਵਿਚ ਵੰਡਿਆ ਗਿਆ ਹੈ।

ਤਬਲਾ ਸਿਧਾਂਤਕ ਪੱਖ ਪੁਸਤਕ ਦੇ ਪਹਿਲੇ ਭਾਗ ਵਿਚ 'ਤਬਲੇ ਦਾ ਇਤਿਹਾਸ' ਲੇਖ ਵਿਚ ਵੱਖ-ਵੱਖ ਵਿਦਵਾਨ ਸੰਗੀਤਕਾਰਾਂ ਦੇ ਵਿਚਾਰ ਅੰਕਿਤ ਕੀਤੇ ਹਨ। ਇਸੇ ਤਰ੍ਹਾਂ ਮ੍ਰਿਦੰਗ/ਪਖਾਵਜ ਦਾ ਇਤਿਹਾਸ, ਉਤਪਤੀ ਅਤੇ ਬਣਤਰ, ਤਬਲੇ ਦੇ ਅੰਗਾਂ ਬਾਰੇ, ੧੦ ਪ੍ਰਾਣ, ਤਬਲੇ ਦੇ ਘਰਾਣਿਆਂ ਬਾਰੇ, ਭਾਤਖੰਡੇ ਅਤੇ ਵਿਸ਼ਣੂ ਦਿਗੰਬਰ ਤਾਲ ਪੱਧਤੀ, ਪੱਛਮੀ ਤਾਲ ਪੱਧਤੀ, ਦੱਖਣੀ ਤਾਲ ਪੱਧਤੀ, ਕਰਨਾਟਕ ਤਾਲ ਪੱਧਤੀ ਦੀਆਂ ਜਾਤੀਆਂ, ਸੰਗੀਤ-ਲੋਕ ਸੰਗੀਤ ਵਿਚ ਤਾਲ ਦਾ ਮਹੱਤਵ, ਗੁਰਮਤਿ ਸੰਗੀਤ ਵਿਚ ਤਬਲੇ ਦਾ ਸਥਾਨ, ਗਾਇਨ, ਵਾਦਨ-ਨ੍ਰਿਤ ਨਾਲ ਤਬਲੇ ਦੀ ਸੰਗਤ, ਜੁਗਲਬੰਦੀ, ਤਬਲਾ ਵਾਦਕ ਦੇ ਗੁਣ-ਅਵਗੁਣ ਆਦਿ ਵਿਸ਼ਿਆਂ ਬਾਰੇ ਖੋਜ ਭਰਪੂਰ ਲੇਖ ਹਨ।

ਦੂਜੇ ਭਾਗ ਵਿਚ ਤਬਲੇ ਦੇ ਪਰਿਭਾਸ਼ਕ ਸ਼ਬਦ ਜਿਵੇਂ ਕਿ ਤਾਲ, ਸਮ, ਤਾਲੀ-ਖਾਲੀ, ਲੈਅਕਾਰੀਆਂ, ਗਤ ਕਾਇਦਾ, ਪਰਨ, ਅਵਨੱਧ ਵਾਦਿਯ, ਘਣ ਵਾਦਿਯ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹੈ।

ਪੁਸਤਕ ਦੇ ਤੀਜੇ ਭਾਗ ਵਿਚ ਤਬਲੇ ਦੇ ਵੱਖ-ਵੱਖ ਘਰਾਣਿਆਂ ਦੇ ਪ੍ਰਾਚੀਨ ਅਤੇ ਨਵੀਨ 44 ਪ੍ਰਸਿੱਧ ਉਸਤਾਦ ਤਬਲਾ ਵਾਦਕ ਦੀਆਂ ਜੀਵਨੀਆਂ ਹਨ, ਜਿਨ੍ਹਾਂ ਵਿਚ ਉਸਤਾਦ ਬਹਾਦਰ ਸਿੰਘ, ਪ੍ਰੋ. ਰਣਜੀਤ ਸਿੰਘ ਯੂ.ਐੱਸ.ਏ., ਉਸਤਾਦ ਲਛਮਣ ਸਿੰਘ, ਉਸਤਾਦ ਕੁਲਵਿੰਦਰ ਸਿੰਘ ਅਤੇ ਪੁਰਾਤਨ ਉਸਤਾਦਾਂ ਵਿਚੋਂ ਉਸਤਾਦ ਕਰੀਮ ਬਖ਼ਸ਼, ਉਸਤਾਦ ਅੱਲਾ ਰੱਖਾ ਖਾਂ, ਉਸਤਾਦ ਜ਼ਾਕਿਰ ਹੁਸੈਨ, ਉਸਤਾਦ ਅਹਿਮਦ ਜਾਨ ਥਿਰਕਵਾ, ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਕੰਠੇ ਮਹਾਰਾਜ, ਭਾਈ ਸੰਤੂ ਜੀ, ਭਾਈ ਨਸ਼ੀਰਾ ਜੀ, ਉਸਤਾਦ ਮਲੰਗ ਖਾਂ, ਉਸਤਾਦ ਨਨੂ ਸਹਾਇ ਆਦਿ ਵਿਸ਼ੇਸ਼ ਹਨ।

ਤਬਲਾ ਸਿਧਾਂਤਕ ਪੱਖ ਪੁਸਤਕ ਦੇ ਚੌਥੇ ਭਾਗ ਵਿਚ ਤਬਲੇ ਦੇ ਪ੍ਰਚਲਿਤ ਤਾਲਾਂ ਦਾ ਵੇਰਵਾ ਦਿਤਾ ਗਿਆ ਹੈ। ਤਿੰਨ ਤਾਲ, ਤਿਲਵਾੜਾ, ਸਵਾਰੀ ਤਾਲ, ਝੂਮਰਾ ਤਾਲ, ਆੜਾਚਾਰ ਤਾਲ, ਧਮਾਰ ਤਾਲ, ਰੁਦਰ ਤਾਲ, ਝਪਤਾਲ, ਮੱਤਤਾਲ, ਬਸੰਤ ਤਾਲ, ਪਉੜੀ ਤਾਲ, ਰੂਪਕ ਤਾਲ, ਕਹਿਰਵਾ ਤਾਲ ਆਦਿ ਤਾਲਾਂ ਦਾ ਪਰੀ-ਚੈ ਸਹਿਤ ਵਰਣਨ ਹੈ। ਜੇਕਰ ਇਨ੍ਹਾਂ ਤਾਲਾਂ ਦੇ ਨਾਲ ਕਾਇਦੇ ਪਲਟੇ ਆਦਿ ਸਮੱਗਰੀ ਵੀ ਦਿੱਤੀ ਜਾਦੀ ਤਾਂ ਹੋਰ ਵੀ ਵਧੀਆ ਹੋਣਾ ਸੀ। ਸ੍ਰ. ਇਕਵਾਕ ਸਿੰਘ ਪੱਟੀ ਨੇ ਇਹ ਖੋਜ ਭਰਪੂਰ ਅਤੇ ਕਾਬਿਲ-ਏ-ਤਾਰੀਫ਼ ਪੁਸਤਕ ਲਿਖ ਕੇ ਸੰਗੀਤ ਖੇਤਰ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਹਿੱਤ ਭਾਰੀ ਯੋਗਦਾਨ ਪਾਇਆ ਹੈ। ਸ. ਇਕਵਾਕ ਸਿੰਘ ਪੱਟੀ ਵਧਾਈ ਦੇ ਪਾਤਰ ਹਨ। ਉਮੀਦ ਕਰਦੇ ਹਾਂ ਕਿ ਇਸ ਪੁਸਤਕ ਤੋਂ ਤਬਲੇ 'ਤੇ ਡਿਗਰੀ-ਡਿਪਲੋਮਾ ਕਰਨ ਵਾਲੇ ਵਿਦਿਆਰਥੀ ਪੂਰਨ ਲਾਹਾ ਖੱਟਣਗੇ।

ਭਾਈ ਅਵਤਾਰ ਸਿੰਘ ਹੰਸ, ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ,
ਮਸਤੂਆਣਾ ਸਾਹਿਬ (ਸੰਗਰੂਰ). M. 98145-54105



# ਰਾਗ ਮਲ੍ਹਾਰ (ਮੀਆਂ ਮਲ੍ਹਾਰ)

ਪ੍ਰਿੰ: ਦਿਆਲ ਸਿੰਘ

ਵਾਦੀ-ਸ, ਸੰਵਾਦੀ-ਪ, ਠਾਟ-ਕਾਫੀ, ਜਾਤੀ ਵੱਕ੍ਰ-ਸੰਪੂਰਨ, ਸਮਾਂ : ਅੱਧੀ ਰਾਤ (ਵਰਖਾ ਰੁਤ ਵਿਚ ਹਰ ਸਮੇਂ)
ਵਿਸ਼ੇਸ਼-ਗੰਧਾਰ-ਧੈਵਤ ਅੰਦੋਲਿਤ ਅਤੇ ਦੋਵੇਂ ਨਿਖਾਦ ਸਾਥ-ਸਾਥ ਵੀ ਲਗਦੇ ਹਨ।

ਮ ਧ ਮ ਮ
ਆਰੋਹ-ਸ ਨ਼ੁਧ਼ , ਨ਼ੁਧ਼ ਨ਼ਸ , ਰ ਪ, ਨੁਧ ਨੁਧ ਨਸਂ।ਅਵਰੋਹ-ਸਂ ਨੁਪ, ਮਪ ਗੁ, ਗੁ, ਮ ਰ, ਸ।

ਧ਼ ਮ ਮ ਮ
ਪਕੜ - ਨ਼ਸ ਰਸ ਨ਼ੁ-ਪ਼ , ਮ਼ ਪ਼ ਨ਼ੁ-ਧ਼ ਨ਼ੁ ਧ ਨ਼ ਸ, ਰ ਪ ਗੁ ਗੁ ਗੁ ਮ ਰ, ਸ।

| x | | | | ੨ | | | | 0 | | | | ੩ | | | |
|---|---|---|---|---|---|---|---|---|---|---|---|---|---|---|---|
| | | | | | | | | | | | | | ਪ | | |
| | | | | | | | | | | | ਪ | ਪ | ਨੁ | ਮ | ਪ |
| | | | | | | | | | | | ਬ | ਰ | ਸ | s | ਘ |
| ਨ | | ਪ | | ਮ | | | | | | | | | ਪ | | |
| ਸਂ | - | ਨੁ | ਪ | ਗੁ | ਮ | ਰ | ਸ | ਰ | ਸ | - | ਪ | ਪ | ਨੁ | ਮ | ਪ |
| ਨਾ | s | s | ਮੇ | ਰਾ | s | ਮ | ਨ | ਭੀ | ਨਾ | s | ਬ | ਰ | ਸ | s | ਘ |
| ਨ | | ਪ | | ਮ | | | | | | | | ਧ਼ | ਧ਼ | ਧ਼ | |
| ਸਂ | - | ਨੁ | ਪ | ਗੁ | ਮ | ਰ | ਸ | ਰ | - | ਸ | - | ਨ਼ੁ | ਨ਼ੁ | ਨ਼ੁ | ਧ਼ |
| ਨਾ | s | s | ਮੇ | ਰਾ | s | ਮ | ਨ | ਭੀ | s | ਨਾ | s | ਅੰ | s | ਮ੍ਰਿ | ਤ |
| | | | | ਮ | | | | | | | | | | | |
| ਨ਼ੁ. | - | ਸ | ਸ | ਗੁ | ਮ | ਰ | ਸ | ਰ | ਰ | ਸ | - | ਮ | ਰ | ਪ | - |
| ਬੂੰ | s | ਦ | ਸੁ | ਹਾ | s | ਨੀ | s | ਹੀ | ਅ | ਰੈ | s | ਗੁ | ਰ | ਮੋ | s |
| ਨ | ਧ | ਨ | ਨ | ਸਂ | ਸਂ | ਸਂ | ਸਂ | ਰਂ | ਸਂ | - | | | | | |
| ਹੀ | s | ਮ | ਨ | ਹ | ਰਿ | ਰ | ਸ | ਲੀ | ਨਾ | s | ਬਰ.. | | | | |
| ਅੰਤਰਾ | | | | | | | | | | | | | | | |
| ਮ | ਰ | ਪ | ਪ | ਨੁ | ਧ | ਨ | ਨ | ਸਂ | ਸਂ | ਸਂ | - | ਨ | - | ਸਂ | ਸਂ |
| ਕ | ਰਉ | s | ਬਿ | ਨਉ | s | ਗੁ | ਰ | ਅ | ਪ | ਨੇ | s | ਪ੍ਰੀ | s | ਤ | ਮ |
| ਧ | ਧ | | | | | | | | | | | ਸਂ | | ਧ | |
| ਨੁ | ਨੁ | ਨੁ | ਧ | ਨ | - | ਸਂ | ਸਂ | ਰਂ | - | - | - | ਨ | ਸਂ | ਨੁ | ਪ |
| ਹ | ਰਿ | ਵ | ਰ | ਆ | s | ਣ | ਮਿ | ਲਾ | s | s | s | s | s | ਵੈ | s |
| ਸਂ | | | | | | ਧ | | ਮ | ਮ | ਮ | | | | | |
| ਨ | ਨ | ਸਂ | ਨ | ਸਂ | - | ਨੁ | ਪ | ਗੁ | ਗੁ | ਗੁ | ਮ | ਰੁ | - | ਸ | - |
| ਸੁ | ਣ | ਘ | ਨ | ਘੋ | s | ਰ | ਸੀ | ਤ | ਲ | ਮ | ਨ | ਮੇ | s | ਰਾ | s |
| | | | | ਧ | | | | | | | | | | | |
| ਮ | ਰ | ਪ | ਪ | ਨੁ | ਧ | ਨ | ਸਂ | ਰਂ | ਸਂ | - | | | | | |
| ਲਾ | s | ਲ | ਰ | ਤੀ | s | ਗੁ | ਣ | ਗਾ | ਵੈ | s | ਬਰ... | | | | |

ਅੰਗ ੧੨੫੪

ਮਲਾਰ ਮਹਲਾ ੧ ॥

Malaar, First Mehl:

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥

I offer prayers to my Beloved Guru, that He may unite me with my Husband Lord.

ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥

I hear the thunder in the clouds, and my mind is cooled and soothed; imbued with the Love of my Dear Beloved, I sing His Glorious Praises. ||1||

ਬਰਸੁ ਘਨਾ ਮੇਰਾ ਮਨੁ ਭੀਨਾ ॥

The rain pours down, and my mind is drenched with His Love.

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ ਰਹਾਉ ॥

The drop of Ambrosial Nectar pleases my heart; the Guru has fascinated my mind, which is drenched in the sublime essence of the Lord. ||1||Pause||

ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥

With intuitive peace and poise, the soul-bride is loved by her Husband Lord; her mind is pleased and appeased by the Guru's Teachings.

ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥

She is the happy soul-bride of her Husband Lord; her mind and body are filled with joy by His Love. ||2||

ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥

Discarding her demerits, she becomes detached; with the Lord as her Husband, her marriage is eternal.

ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥

She never suffers separation or sorrow; her Lord God showers her with His Grace. ||3||

ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥

Her mind is steady and stable; she does not come and go in reincarnation.

ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥

She takes the Shelter of the Perfect Guru. O Nanak, as Gurmukh, chant the Naam; you shall be accepted

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਅਲੋਪ ਹੋ ਰਹੇ ਪੁਰਾਤਨ ਸਾਜ਼ 'ਪੁਖਾਵਜ਼' ਨੂੰ ਪ੍ਰਫੁਲਿਤ ਕਰਨ ਦਾ ਬੀੜਾ ਚੁੱਕੀ ਬੈਠਾ ਪ੍ਰੋ: ਹਰਭਜਨ ਸਿੰਘ ਧਾਰੀਵਾਲ

ਸਵਰਨ ਸਿੰਘ ਧਾਰੀਵਾਲ

ਸੰਸਾਰ ਪੱਧਰ ਦੇ ਸੰਗੀਤ 'ਤੇ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਹਰੇਕ ਦੇਸ਼ ਦੇ ਸੰਗੀਤ ਦਾ ਆਧਾਰ ਅਵਨਧ ਸ਼੍ਰੇਣੀ ਦੇ ਤਾਲ ਸਾਜ਼ ਹੀ ਹਨ। ਹਿੰਦੁਸਤਾਨੀ ਸੰਗੀਤ ਵਿਚ ਵੀ ਪ੍ਰਾਚੀਨ ਕਾਲ ਤੋਂ ਹੀ ਤਾਲ ਸਾਜ਼ਾਂ ਦਾ ਵੱਡਾ ਯੋਗਦਾਨ ਰਿਹਾ ਹੈ। ਪਰ ਆਧੁਨਿਕ ਕੰਪਿਊਟਰ ਯੁੱਗ ਵਿਚ ਪ੍ਰਾਚੀਨ ਸਾਜ਼ਾਂ ਦੀ ਸਾਂਭ-ਸੰਭਾਲ ਤੇ ਪ੍ਰਚਾਰ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਗੱਲ ਕਰਦੇ ਹਾਂ ਅਵਨਧ ਸਾਜ਼ 'ਪੁਖਾਵਜ'ਦੀ, ਜਿਸ ਨੂੰ ਉੱਤਰੀ ਭਾਰਤ ਵਿਚ ਮ੍ਰਿਦੰਗ ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਇਸ ਦੀ ਮਹਾਨ ਪ੍ਰੰਪਰਾ ਰਹੀ ਹੈ। ਰਮਾਇਣ, ਮਹਾਂਭਾਰਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਦਸਮ ਗ੍ਰੰਥ ਵਿਚ ਕਦੇ ਪੁਖਾਵਜ ਅਤੇ ਕਦੇ ਮ੍ਰਿਦੰਗ ਦੇ ਰੂਪ ਵਿਚ ਆਉਂਦਾ ਹੈ। ਗੁਰੂ ਕਾਲ ਸਮੇਂ ਧਰਮਸ਼ਾਲਾਂ, ਗੁਰਦੁਆਰਿਆਂ ਅਤੇ ਘਰਾਂ ਵਿਚ ਗੁਰਬਾਣੀ ਕੀਰਤਨ ਦੀ ਮਹਾਨ ਪ੍ਰੰਪਰਾ ਨਾਲ ਪੁਖਾਵਜ਼ ਸਾਜ਼ ਹੀ ਵਜਾਇਆ ਜਾਂਦਾ ਸੀ ਪਰ ਅੱਜੋਕੇ ਸਮੇਂ ਵਿਚ ਇਹ ਪੁਖਾਵਜ਼ ਸਾਜ਼ ਖਾਸ ਕਰਕੇ ਪੰਜਾਬ ਵਿਚ ਤਾਂ ਅਲੋਪ ਹੋ ਰਿਹਾ ਹੈ, ਜਦ ਕਿ ਪੰਜਾਬ ਵਿਚ ਮੀਆਂ ਹੁਸੈਨ ਬਖਸ਼, ਬਾਬਾ ਕਾਦਿਰ ਬਖਸ਼, ਭਾਈ ਨਸੀਰ;, ਭਾਈ ਭੂਪ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਹਰਨਾਮ ਸਿੰਘ, ਭਾਈ ਰਤਨ ਸਿੰਘ, ਭਾਈ ਗੋਪਾਲ ਸਿੰਘ ਆਦਿ ਤੋਂ ਇਲਾਵਾ ਵੀ ਕਈ ਮਹਾਨ ਪੁਖਾਵਜੀ ਹੋਏ ਹਨ ਪਰ ਹੁਣ ਗੱਲ ਕਰਦੇ ਹਾਂ ਅਲੋਪ ਹੋ ਰਹੇ ਪੁਖਾਵਜ ਸਾਜ਼ ਦੀ ਵਾਦਨ ਸ਼ੈਲੀ ਨੂੰ ਸੰਭਾਲੀ ਬੈਠੇ ਪੰਜਾਬ ਘਰਾਣੇ ਦੇ ਪੁਖਾਵਜੀ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਦੀ ਜਿਹਨਾਂ ਨੇ ਪੁਖਾਵਜ ਸਾਜ਼ ਦੀ ਸੰਭਾਲ ਅਤੇ ਪ੍ਰਚਾਰ ਦਾ ਬੀੜਾ ਚੁੱਕਿਆ ਹੋਇਆ ਹੈ।

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਦਾ ਜਨਮ 20 ਜਨਵਰੀ 1963 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਧਾਰੀਵਾਲ ਵਿਖੇ ਮਾਤਾ ਜੋਗਿੰਦਰ ਕੌਰ ਦੀ ਕੁੱਖੋਂ, ਪਿਤਾ ਗਿਆਨੀ ਮਹਿਲ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਪ੍ਰੋਫੈਸਰ ਧਾਰੀਵਾਲ ਨੂੰ ਤਬਲੇ ਦੀ ਚੇਟਕ ਆਪਣੇ ਪਿਤਾ ਅਤੇ ਭਰਾ ਕਰਮ ਸਿੰਘ ਕੋਲੋਂ ਲੱਗੀ। ਉਹ ਆਪਣੇ ਪਿਤਾ, ਭਰਾ ਅਤੇ ਉਸਤਾਦ ਕਰਤਾਰ ਸਿੰਘ ਨਾਲ ਹਫਤਾਵਾਰੀ ਕੀਰਤਨਾਂ ਵਿਚ ਆਟੇ ਵਾਲੀ ਜੋੜੀ (ਤਬਲਾ) 'ਤੇ ਸਾਥ ਦਿੰਦੇ ਸਨ। ਪ੍ਰੋਫੈਸਰ ਸਾਹਿਬ ਨੇ ਤਬਲੇ ਦੀ ਮੁੱਢਲੀ ਤਲੀਮ ਬਾਬਾ ਰੂਪ ਸ਼ਾਹ ਜੀ ਖਤੀਰ ਵਾਲਿਆਂ ਤੋਂ ਕਰੀਬ 5 ਸਾਲ ਲਈ। ਇਸ ਉਪਰੰਤ ਪੰਜਾਬ ਘਰਾਣੇ ਦੇ ਸੰਗੀਤ ਅਚਾਰੀਆ ਉਸਤਾਦ ਲਛਮਣ ਸਿੰਘ ਸੀਨ ਤੋਂ 18-19 ਸਾਲ ਗੁਰੂ ਸ਼ਿਸ਼ ਪ੍ਰੰਪਰਾ ਤਹਿਤ ਪੰਜਾਬ ਘਰਾਣੇ ਦੀ ਵਿਧੀਬੱਧ ਤਲੀਮ ਪ੍ਰਾਪਤ ਕੀਤੀ। ਸੋਲੋ ਤਬਲਾ ਵਾਦਨ ਵਿਚ ਇਹਨਾਂ ਦੀ ਵਿਸ਼ੇਸ਼ ਮੁਹਾਰਤ ਹੈ। ਤਬਲੇ ਤੋਂ ਇਲਾਵਾ ਇਹਨਾਂ ਨੂੰ ਉਸਤਾਦ ਲਛਮਣ ਸਿੰਘ ਸੀਨ ਤੋਂ ਮੁੱਢਲੀ ਤਾਲੀਮ ਦਾ ਸੁਭਾਗ ਪ੍ਰਾਪਤ ਹੋਇਆ। ਜਿੱਥੇ ਪ੍ਰੋਫੈਸਰ ਸਾਹਿਬ ਨੇ 16 ਸਾਲ ਦੀ ਉਮਰ ਵਿਚ ਤਬਲਾ ਸਿੱਖਣਾ ਸ਼ੁਰੂ ਕੀਤਾ, ਉਥੇ 47 ਸਾਲ ਦੀ ਉਮਰ ਵਿਚ ਪੁਖਾਵਜ ਦੀ ਤਲੀਮ ਤੇ ਰਿਆਜ਼ ਗੁਰੂ ਦੀ ਰਹਿਨੁਮਾਈ ਵਿਚ ਆਰੰਭ ਹੋ ਗਿਆ।

ਜਲੰਧਰ, ਘੁਮਾਣ, ਪਠਾਨਕੋਟ, ਅੰਮ੍ਰਿਤਸਰ ਆਦਿ ਸ਼ਾਸਤਰੀ ਸੰਮੇਲਨਾਂ ਵਿਚ ਪ੍ਰੋ: ਧਾਰੀਵਾਲ ਦੀ ਸ਼ਲਾਘਾਯੋਗ ਪੇਸ਼ਕਾਰੀ ਹੋ ਚੁੱਕੀ ਹੈ। ਪੁਖਾਵਜ ਸਾਜ਼ ਦੀ ਸੰਭਾਲ ਤੇ ਪ੍ਰਚਾਰ ਕਰਨਾ ਇਹਨਾਂ ਦਾ ਮਿਸ਼ਨ ਬਣ ਚੁੱਕਾ ਹੈ। ਸੰਗੀਤ ਵਿਚ ਸਿਖਰਾਂ ਨੂੰ ਛੋਹ ਚੁੱਕੇ ਪ੍ਰੋ: ਹਰਭਜਨ ਸਿੰਘ ਧਾਰੀਵਾਲ ਅਕਾਦਮਿਕ ਪੜ੍ਹਾਈ ਤੋਂ ਵੀ ਪਿੱਛੇ ਨਹੀਂ ਰਹੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ. ਏ. ਸੰਗੀਤ ਵਾਦਨ (ਤਬਲਾ) ਯੂਨੀਵਰਸਿਟੀ 'ਚੋਂ ਅੱਵਲ ਦਰਜਾ ਪ੍ਰਾਪਤ ਕਰਕੇ ਟਾਪ ਕਰ ਚੁੱਕੇ ਹਨ। ਉਹ ਪੰਜਾਬ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ, ਸੰਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਲੁਧਿਆਣਾ, ਅਮਰ ਸੰਗੀਤ ਕਲਾ ਕੇਂਦਰ, ਯੂ. ਕੇ. ਸੁਰਤਾਲ ਸਾਧਨਾ ਘੁਮਾਣ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਥਰਡ ਆਈ ਕਲਚਰਲ ਸੁਸਾਇਟੀ ਪਠਾਨਕੋਟ, ਨੈਸ਼ਨਲ ਖਾਲਸਾ ਕੌਂਸਲ ਅੰਮ੍ਰਿਤਸਰ ਆਦਿ ਸੰਸਥਾਵਾਂ ਵਿਖੇ ਅਨੇਕਾਂ ਵਿਦਿਆਰਥੀਆਂ ਨੂੰ ਤਬਲੇ ਅਤੇ ਕੀਰਤਨ ਦੀ ਤਾਲੀਮ ਦੇ ਚੁੱਕੇ ਹਨ। ਹੁਣ ਧਾਰੀਵਾਲ ਵਿਖੇ ਆਪਣੇ ਗ੍ਰਹਿ ਵਿਖੇ ਹੀ ਸੰਗੀਤ ਪ੍ਰੇਮੀ ਵਿਦਿਆਰਥੀਆਂ ਨੂੰ ਆਪਣੀ ਕਲਾ ਦੁਆਰਾ ਸੰਗੀਤ ਅਤੇ ਕੀਰਤਨ ਦੇ ਗੁਰ ਸਿਖਾ ਰਹੇ ਹਨ। ਪ੍ਰੋ: ਹਰਭਜਨ ਸਿੰਘ ਦਾ ਕਹਿਣਾ ਕਿ ਜਿੱਥੇ ਅਸੀਂ ਤੰਤੀ ਸਾਜ਼ਾਂ ਨੂੰ ਸਾਂਭ ਰਹੇ ਹਾਂ, ਉਥੇ ਗੁਰੂ ਘਰ ਦੇ ਅਹਿਮ ਸਾਜ਼ ਪੁਖਾਵਜ ਨੂੰ ਵੀ ਸੰਭਾਲਣ ਦੀ ਅਤਿ ਲੋੜ ਹੈ।

ਮੋ: 98144 94785, E-mail : armanswaran@gmail.com

Postal Regd. No. G/CHD/0045/2012-14 RNI Regd. No. 46788/89 ISSN 0972-2335

